
ਸਰਪ੍ਰਸਤ ਗੁਰਬੰਦੀ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ

ਮਾਸਕ ਪੱਤਰ

# ਅਜੂਨੀ

ਮਾਰਚ ੧੯੭੧

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਅੰਕ



ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ

ਸੰਪਾਦਕ :
ਪ੍ਰਿੰ. ਸੇਵਾ ਸਿੰਘ ਮਾਨ

# ਗੁਰ-ਵੰਸਾਵਲੀ

## ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਸਿੱਖ ਮੱਤ ਦੇ ਬਾਨੀ

ਬਾਬਾ ਸ੍ਰੀ ਚੰਦ ਜੀ ਉਦਾਸੀ ਸੰਪਰਦਾ ਦੇ ਬਾਨੀ    ਬਾਬਾ ਲਖਮੀ ਚੰਦ ਜੀ

ਬਾਬਾ ਧਰਮ ਚੰਦ ਜੀ

ਬਾਬਾ ਮਾਣਕ ਚੰਦ ਜੀ    ਬਾਬਾ ਮੇਹਰ ਚੰਦ ਜੀ

ਬਾਬਾ ਦਾਤਾਰ ਚੰਦ ਜੀ    ਬਾਬਾ ਜਗਤ ਚੰਦ ਜੀ    ਬਾਬਾ ਹੰਸ ਰਾਜ ਜੀ    ਬਾਬਾ ਅਨਾਇਤ ਚੰਦ ਜੀ

ਬਾਬਾ ਗੁਰਦਿਤਚੰਦ ਜੀ    ਬਾਬਾ ਪਹਾੜਚੰਦ ਜੀ    ਬਾਬਾ ਤਾਰਾਚੰਦ ਜੀ    ਬਾਬਾ ਫਤਹਿ ਚੰਦ ਜੀ    ਬਾਬਾ ਉਦੇ ਚੰਦ ਜੀ

ਬਾਬਾ ਹਰਿਕਰਣ ਚੰਦ ਜੀ    ਬਾਬਾ ਮਨਸਾ ਚੰਦ ਜੀ    ਬਾਬਾ ਆਸਾ ਚੰਦ ਜੀ    ਬਾਬਾ ਸੂਰਜ ਸਿੰਘ ਜੀ

ਬਾਬਾ ਨਿਹਾਲ ਚੰਦ ਜੀ    ਬਾਬਾ ਹਰਜਸ ਜੀ    ਬਾਬਾ ਦੀਪ ਚੰਦ ਜੀ    ਬਾਬਾ ਸੁਖਦੇਵ ਜੀ

ਬਾਬਾ ਕਲਾਧਾਰੀ ਜੀ    ਬਾਬਾ ਲੱਜਾਧਾਰੀ ਜੀ

ਬਾਬਾ ਕੁਇਰਸਿੰਘ ਜੀ    ਬਾਬਾ ਧਰਮਸਿੰਘ ਜੀ    ਬਾਬਾ ਅਜੀਤਸਿੰਘ ਜੀ    ਬਾਬਾ ਸਾਗਰਚੰਦ ਜੀ    ਬਾਬਾ ਅਵਤਾਰਚੰਦ ਜੀ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ 'ਬੇਦੀ'

ਸ੍ਰੀ ਬਾਬਾ ਬਿਸ਼ਨ ਸਿੰਘ ਜੀ    ਸ੍ਰੀ ਬਾਬਾ ਤੇਗ ਸਿੰਘ ਜੀ    ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ

ਸ੍ਰੀ ਬਾਬਾ ਅਤਰ ਸਿੰਘ ਜੀ    ਸ੍ਰੀ ਹਜ਼ੂਰ ਬਾਬਾ ਸੁਜਾਨਸਿੰਘ ਜੀ

ਸ੍ਰੀ ਬਾਬਾ ਖੇਮ ਸਿੰਘ ਜੀ    ਸ੍ਰੀ ਹਜ਼ੂਰ ਬਾਬਾ ਰਾਮ ਕਿਸ਼ਨ ਸਿੰਘ

ਸ੍ਰੀ ਹਜ਼ੂਰ ਬਾਬਾ ਦੇਵਿੰਦਰ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ
(ਵਰਤਮਾਨ ਗੱਦੀ ਨਸ਼ੀਨ)

ਟਿੱਕਾ ਸਰਬਜੋਤ ਸਿੰਘ ਜੀ

ਜਗਤ ਤਾਰਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ



ਬਾਬਾ ਸ੍ਰੀਚੰਦ ਜੀ॥ ਸ੍ਰੀ ਗੁਰੂ ਨਾਨਕ ਦੇਵ ਜੀ॥ ਬਾਬਾ ਲਖਮੀਦਾਸ ਜੀ॥



ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਗੱਦੀ-ਨਸ਼ੀਨ, ਊਨਾ ਸਾਹਿਬ

Regd. No. P. 535

ੴ

ਗੁਰਗੱਦੀ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ "ਬੇਦੀ" ਦੀ ਸਰਪ੍ਰੱਸਤੀ
ਹੇਠ ਛਪਣ ਵਾਲਾ

ਮਾਸਕ ਪੱਤਰ **ਅਜੂਨੀ** ਮਨਸੂਰਾਂ (ਲੁਧਿਆਣਾ)

# ਬਾਬਾ ਸਾਹਿਬ ਸਿੰਘ ਅੰਕ

ਐਡੀਟਰ :— ਪ੍ਰਿੰ: ਸੇਵਾ ਸਿੰਘ "ਮਾਨ

ਸਾਲ ੨ ਮਹੀਨਾ ਫ਼ਰਵਰੀ, ਮਾਰਚ–੧੯੭੧ ਅੰਕ

ਚੇਤ ੧, ਸੰਮਤ ਬਿਕ੍ਰਮੀ ੨੦੨੮, ਨਾਨਕਸ਼ਾਹੀ ੫੦੨


ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥ ੨ ॥

# ਤ ਤ ਕ ਰਾ


| ਨੰ: | ਕੀ | ਕਿਸ ਦਾ | ਕਿਥੇ |
|---|---|---|---|
| 1. | ਸੰਪਾਦਕੀ | ਐਡੀਟਰ | 3 |
| 2. | ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨ | ਬਾਬਾ ਮਧੁਸੂਦਨ ਸਿੰਘ ਜੀ | 5 |
| 3. | ਬਾਬਾ ਸਾਹਿਬ ਸਿੰਘ ਜੀ ਬੇਦੀ | ਗਿਆਨੀ ਭਜਨ ਸਿੰਘ ਜੀ | 9 |
| 4. | ੧ਓ ਹੀ 'ਸੈਭੰ'' ਹੈ | ਪ੍ਰਿੰਸੀਪਲ ਸੇਵਾ ਸਿੰਘ ਜੀ ਮਾਨ | 11 |
| 5. | ਕਾਫ਼ੀ | ਸ. ਗੁਰਦੇਵ ਸਿੰਘ ਜੀ ਮਾਨ | 15 |
| 6. | ਬਾਬਾ ਸਾਹਿਬ ਸਿੰਘ ਜੀ ਦਸਮੇਸ਼ ਰੂਪ | ਸੰਤ ਸ਼ੇਰ ਸਿੰਘ ਜੀ | 17 |
| 7. | ਬਾਬਾ ਸਾਹਿਬ ਸਿਘ ਜੀ ਬੇਦੀ ਦੇ ਦਮਦਮੇ | ਪ੍ਰਿੰ: ਰਾਜਿੰਦਰ ਸਿੰਘ ਜੀ ਮਕਰੰਦ | 27 |
| 8. | ਮਨਸੂਰਾਂ,ਰਾਇਪੁਰ,ਰਾਇਕੋਟ ਤੇ ਕੋਟਲੇ ਦੀ ਰਾਂਗਲੀ ਧਰਤੀ | ਗਿ: ਅਜਮੇਰ ਸਿੰਘ ਜੀ | 28 |
| 9. | ਅੰਮ੍ਰਿਤ ਬਾਣੀ ਦੇ ਦੇ | ਸੁਰਜੀਤ ਰਾਮਪੁਰੀ | 33 |
| 0. | ਖ਼ਾਲਸਾ ਧਰਮ ਸ਼ਾਸਤ੍ਰ ਅਨੁਸਾਰ ਗੁਰ-ਅੰਸਾਂ ਦਾ ਦਰਜਾ ਅਤੇ ਮਾਨ | | 34 |
| 1. | ਰਾਜ-ਰਿਸ਼ੀ | ਬਾਬਾ ਹਰਬੰਸ ਸਿੰਘ ਜੀ ਬੇਦੀ | 37 |
| | ਮਧੁਸੂਦਨ ਸੰਦੇਸ਼ | ਗੁਰਦੀਪ ਸਿੰਘ ਜੀ ਪਾਪੀ | 39 |
| | ਰਾਜ ਜੋਗੀ | ਸ. ਗੁਰਦੇਵ ਸਿੰਘ ਜੀ ਮਾਨ | 41 |
| | ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਮਹਾਰਾਜਾ ਰਣਜੀਤ ਸਿੰਘ ਤੇ ਸੰਧਾਂਵਾਲੀਏ ਸਰਦਾਰ ਅਮੀਰ ਸਿੰਘ ਜੀ | ਗਿ: ਈਸ਼ਰ ਸਿੰਘ ਜੀ ਨਾਰਾ | 43 |
| | ਰਾਜ-ਰਿਸ਼ੀ | ਬਾਬਾ ਹਰਬੰਸ ਸਿੰਘ ਜੀ ਬੇਦੀ | 46 |
| | ਫਿਰ ਕੋਈ ਮਰਦਾਨਾ ਆਏ | ਸ. ਸੁਰਜੀਤ ਸਿਘ ਮਰਜਾਰਾ | 48 |
| | ਸ੍ਰੀ ਗੁਰੂ ਬਾਬਾ ਸਾਹਿਬ ਸਿੰਘ ਜੀ ਦੇ ਪਰਉਪਕਾਰ | ਭਾ: ਨੰਦ ਲਾਲ ਜੀ ਰਾਗੀ | 48 |
| | Part Played by Different Members of Guru Nanak in History of the Country | ਬਾਬਾ ਮਧੁਸੂਦਨ ਸਿੰਘ ਜੀ ਬੇਦੀ | 49 |
| | ਬਾਬਾ ਸਾਹਿਬ ਸਿੰਘ ਜੀ ਬੇਦੀ | ਸ. ਸ਼ਮਸ਼ੇਰ ਸਿੰਘ ਜੀ ਅਸ਼ੋਕ | 57 |

ਸੰਪਾਦਕੀ :—

# ਗੁਰੂ ਅੰਸ ਬਾਬਾ ਸਾਹਿਬ ਸਿੰਘ ਜੀ ਬੇਦੀ



ਗੁਰੂ ਅੰਸ਼ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ਦਾ ਪ੍ਰਕਾਸ਼ ਉਤਸਵ 26, 27, 28 ਮਾਰਚ 1971 ਨੂੰ ਆਪ ਦੇ ਕਿਲ੍ਹਾ ਮੁਬਾਰਕ ਊਨਾ ਸਾਹਿਬ ਵਿਖੇ ਬੜੀ ਧੂਮ ਧਾਮ ਅਤੇ ਸਜ ਧਜ ਨਾਲ ਮਨਾਇਆ ਜਾ ਰਿਹਾ ਹੈ। ਵਰਤਮਾਨ ਗੱਦੀ ਨਸ਼ੀਨ ਬਾਬਾ ਮਧੁਸੂਦਨ ਸਿਘ ਜੀ ਬੇਦੀ "ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨ" ਦੇ ਮਹਾਂਵਾਕ ਨੂੰ ਅਮਲੀ ਰੂਪ ਵਿਚ ਅਪਣਾਕੇ, ਬਜ਼ੁਰਗਾਂ ਦੀ ਕਰਨੀ ਨੂੰ ਉਜਾਗਰ ਕਰਨ ਹਿਤ ਸਿਰਤੋੜ ਯਤਨ ਕਰ ਰਹੇ ਹਨ। ਉਹਨਾਂ ਯਤਨਾਂ ਵਿਚੋਂ ਇਕ ਯਤਨ "ਅਜੂਨੀ" ਦਾ 'ਬਾਬਾ ਸਾਹਿਬ ਸਿੰਘ ਬੇਦੀ ਅੰਕ' ਵੀ ਸਲਾਹੁਣ ਯੋਗ ਉਦਮ ਹੈ। ਇਸ ਅੰਕ ਦੀ ਤਿਆਰੀ ਪਿਛਲੇ ਦੋ ਮਹੀਨਿਆਂ ਤੋਂ ਹੋ ਰਹੀ ਸੀ। ਸੁਚੱਜੇ ਲੇਖਕਾਂ, ਸੁਹਿਰਦ ਕਵੀਆਂ ਦੀਆਂ ਰਚਨਾਵਾਂ ਇਸ ਅੰਕ ਦਾ ਸ਼ਿੰਗਾਰ ਹਨ ਜੋ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਹਨ। ਪੰਜਾਬੀ ਦੀ ਅਖਾਉਤ ਹੈ ਕਿ :—

"ਤੁਖਮ ਤਾਸੀਰ, ਸੁਹਬਤ ਦਾ ਆਧਾਰ ॥"

ਅਰਥਾਤ ਤੁਖਮ ਅਤੇ ਸੰਗਤ ਦਾ ਪ੍ਰਭਾਵ ਦੋਵੇਂ ਅਟੱਲ ਹਨ। ਅਜ ਦੇ ਯੁਗ ਦੇ ਬੰਦੇ, ਇਨਸਾਨ ਦੀ ਅਸਲੀ ਸਚਾਈ ਤੋਂ ਇਨਕਾਰੀ ਹਨ। ਉਹ ਜ਼ਾਤਾਂ, ਗੋਤਾਂ ਅਤੇ ਬੰਸਾਂ ਨੂੰ ਫ਼ਜ਼ੂਲ ਸਮਝ ਕੇ ਬੰਦੇ ਦੇ ਅਮਲੀ ਜੀਵਨ ਨੂੰ ਵਧੇਰੇ ਮਾਨਤਾ ਦੇਂਦੇ ਹਨ ਪਰ ਇਹ ਗਲ ਅਸਲੀਅਤ ਦੇ ਵਿਰੁਧ ਹੈ। ਇਕ ਪਾਸੇ ਜਿਨਸਾਂ, ਪਸ਼ੂਆਂ ਅਤੇ ਕੁੱਤੇ ਬਿਲਿਆਂ ਦੀਆਂ ਨਸਲਾਂ ਕਾਇਮ ਕਰਨ ਉਤੇ ਜ਼ੋਰ ਦਿਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਇਨਸਾਨ ਦੀ ਤੁਖ਼ਮ ਤਾਸੀਰ ਨੂੰ ਝੂਠਾ ਕਿਹਾ ਜਾਂਦਾ ਹੈ। ਇਹ ਵਿਰੋਧ ਕਿਉਂ ? ਸਚਾਈ ਇਕ ਹੁੰਦੀ ਹੈ। ਜੇ ਜਿਨਸਾਂ, ਪਸ਼ੂਆਂ ਦੀ ਨਸਲ ਰਖਣੀ ਜ਼ਰੂਰ ਹੈ ਤਾਂ ਇਨਸਾਨੀ ਉਤਮ ਬੰਸਾਂ ਵੀ ਸਾਂਭਣ ਯੋਗ ਹਨ। ਰਿਹਾ ਸਵਾਲ ਅਮਲੀ ਜੀਵਨ ਦਾ, ਇਸ ਤੋਂ ਬਿਨਾਂ ਤਾਂ ਬੰਦਾ ਕੌਡੀਓਂ ਵੀ ਖੋਟਾ ਹੈ।

ਸ੍ਰੀ ਹਜ਼ੂਰ ਸਤਿਗੁਰੂ ਨਾਨਕ ਸਾਹਿਬ ਜੀ ਮਹਾਰਾਜ ਪਾਸੋਂ ਜਦੋਂ ਇਹ ਪੁਛਿਆ ਗਿਆ ਕਿ ਹਿੰਦੂ ਵਡਾ ਹੈ ਜਾਂ ਮੁਸਲਮਾਨ ? ਤਾਂ ਆਪ ਦਾ ਉਤਰ ਭਾਈ ਗੁਰਦਾਸ ਦੀ ਲਿਖਤ ਅਨੁਸਾਰ ਇਹ ਸੀ :—

ਪੁਛਣ ਖੋਲ੍ਹ ਕਿਤਾਬ ਨੂੰ, ਵਡਾ ਹਿੰਦੂ ਕਿ ਮੁਸਲਮਾਨੋਈ ॥
ਬਾਬਾ ਆਖੇ ਹਾਜੀਆਂ, ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ॥

ਸ਼ੁਭ ਜਾਂ ਅਸ਼ੁਭ ਅਮਲ ਦੀ ਪਰੇਰਨਾ ਸੰਗਤ ਜਾਂ ਕੁਸੰਗਤ ਵਿਚੋਂ ਮਿਲਦੀ ਹੈ। ਮਨੁਖੀ ਅਮਲ ਦੂਜਿਆਂ ਦੀ ਰੀਸੇ ਹੁੰਦਾ ਹੈ। ਦੇਸ ਦੀ ਵੰਡ ਸਮੇਂ ਰੀਸੋ ਰੀਸ ਮਜ਼੍ਹਬ ਦੇ ਨਾਂ ਹੇਠ ਉਹ ਕੁਧਰਮ ਹੋਇਆ ਕਿ ਜਿਸ ਦਾ ਨਾਂ ਲਿਆਂ ਹੀ ਸਚੇ ਧਰਮੀ ਨੂੰ ਸ਼ਰਮ ਆਉਂਦੀ ਹੈ। ਉਸੇ ਕੁਧਰਮੀ ਅਮਲ ਦਾ ਇਹ ਫਲ ਮਿਲਿਆ ਹੈ ਕਿ ਦੋਵੇਂ ਦੇਸ਼ ਸ਼ਰਮ ਧਰਮ ਨੂੰ ਗੁਆ ਕੇ ਝੂਠ ਨੂੰ ਪ੍ਰਧਾਨ ਬਣਾਈ ਜਾ ਰਹੇ ਹਨ :—

ਸਰਮ ਧਰਮ ਦੋਇ ਛਪ ਖਲੋਏ ਕੂੜ ਫਿਰੈ ਪਰਧਾਨ ਵੇ ਲਾਲੋ ॥

ਇਹ ਕਥਨ ਵਰਤਮਾਨ ਯੁਗ ਤੇ ਵੀ ਉਨਾਂ ਹੀ ਢੁਕਦਾ ਹੈ ਜਿੰਨਾ ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਢੁਕਦਾ ਸੀ।

ਬੀਜ ਜਿਸ ਧਰਤੀ ਵਿਚ ਬੀਜਿਆ ਗਿਆ ਉਸ ਦੇ ਪ੍ਰਭਾਵ ਤੋਂ ਬਚ ਨਹੀਂ ਸਕਦਾ। ਖੇਤੀ ਬਾੜੀ ਦੇ

ਵਿਗਿਆਨੀ ਇਸ ਗਲ ਤੋਂ ਇਨਕਾਰੀ ਨਹੀਂ ਹੋ ਸਕਦੇ ਕਿ ਪੀ. ਬੀ. 18 ਕਣਕ ਚੰਡੀਗੜ੍ਹ ਦੇ ਨੇੜੇ ਬੀਜਿਆਂ ਹੋਰ ਤਰ੍ਹਾਂ ਦੀ ਅਤੇ ਅਬੋਹਰ ਵਿਚ ਬੀਜਿਆਂ ਝਾੜ ਅਤੇ ਦਾਣੇ ਦੀ ਬਨਾਵਟ ਕਰਕੇ ਹੋਰ ਕਿਸਮ ਦੀ ਹੋਵੇਗੀ।

ਉੱਤਮ ਬੰਸਾਂ ਦਾ ਬੰਦਾ ਕੁਸੰਗਤ ਵਿਚ ਬੈਠ ਕੇ ਬੁਰਾ ਜ਼ਰੂਰ ਹੋ ਜਾਵੇਗਾ ਪਰ ਉਸ ਦੀ ਬੁਰਾਈ ਦੇ ਧੁਰ ਅੰਦਰ, ਉੱਤਮ ਬੰਸਵਾਲੀ ਚੰਗਿਆਈ ਅੰਸ਼ ਅਵੱਸ਼ ਹੋਵੇਗੀ। ਸੋ ਇਨਸਾਨੀ ਵਿਅਕਤੀ ਦੇ ਦੋ ਥੰਭ ਉਤਮ ਬੰਸ ਅਤੇ ਉਤਮ ਸੰਗਤ ਹਨ। ਇਹਨਾਂ ਦਹਾਂ ਦੇ ਪਿਛਵਾੜੇ ਸ਼ੁਭ ਅਮਲ ਹੈ ਜਿਸ ਕਰਕੇ, ਇਹ ਦੋਵੇਂ ਗੁਣ ਪ੍ਰਾਪਤ ਹੋਏ ਹਨ। ਜੇ ਧਰਤੀ ਠੀਕ ਤਰ੍ਹਾਂ ਸਿੰਜ ਵਾਹ ਕੇ, ਅਤੇ ਖਾਦ ਆਦਿ ਪਾ ਕੇ ਤਿਆਰ ਨਾ ਕੀਤੀ ਹੋਵੇਗੀ ਤਾਂ ਚੰਗਾ ਫਲ ਨਹੀਂ ਲਿਆ ਜਾ ਸਕੇਗਾ।

ਉਤਮ ਬੰਸ ਵਿਚ ਜਨਮ ਪਿਛਲੇ ਕੀਤੇ ਚੰਗੇ ਕਰਮ (ਕੰਮ, ਅਮਲ) ਦਾ ਹੀ ਫਲ ਹੈ। ਜੇ ਉਤਮ ਬੰਸ ਵਾਲਾ ਹੋਰ ਸ਼ੁਭ-ਅਮਲ ਕਰੇਗਾ ਤਾਂ ਹੋਰ ਉਚੇਰਾ ਹੋ ਜਾਵੇਗਾ ਜਿਵੇਂ ਬਾਬਾ ਸਾਹਿਬ ਸਿੰਘ ਜੀ ਬੇਦੀ ਗੁਰੂ ਨਾਨਕ ਕੁਲ ਵਿਚ ਪੈਦਾ ਹੋ ਕੇ ਭਜਨ ਬੰਦਗੀ ਦੇ ਅਮਲ ਨਾਲ ਬ੍ਰਹਮ-ਗਿਆਨੀ ਦੇ ਪਦ ਨੂੰ ਪ੍ਰਾਪਤ ਹੋਏ ਅਤੇ ਆਪ ਦਾ ਜੀਵਨ ਇੰਨਾ ਪਵਿਤਰ ਸੀ ਕਿ ਆਪ ਦੇ ਮੁਖੋਂ ਨਿਕਲਿਆ ਬਚਨ ਅਵੱਸ਼ ਪੂਰਾ ਹੋ ਕੇ ਰਹਿੰਦਾ ਸੀ। ਆਪ ਦਾ ਦਰਸ਼ਨ ਅਮੋਘ ਸੀ। ਦਰਸ਼ਨ ਕਰਨ ਵਾਲਾ ਮਨ-ਇਛਤ ਫਲ ਪ੍ਰਾਪਤ ਕਰਦਾ ਸੀ। ਆਪ ਦਾ ਸਾਰੇ ਦਾ ਸਾਰਾ ਜੀਵਨ "ਬ੍ਰਹਮ-ਗਿਆਨੀ ਪਰ-ਉਪਕਾਰ ਉਮਾਹਾ।" ਦੇ ਮਹਾਂ ਵਾਕ ਅਨੁਸਾਰ ਪੂਰਾ ਉਤਰਦਾ ਹੈ। ਆਪ ਪੂਰਨ ਰੂਪ ਵਿਚ ਰਾਜਾ-ਯੋਗੀ ਸਨ। ਹਜ਼ਾਰਾਂ ਦੀ ਗਿਣਤੀ ਵਿਚ ਸੂਰਬੀਰ ਸਿੱਖ ਸਿਪਾਹੀਆਂ ਦੀ ਫ਼ੌਜ ਆਪ ਦੇ ਸਜੇ ਖਬੇ ਰਹਿੰਦੀ ਸੀ। ਆਪ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ-ਤਿਲਕ ਲਾ ਕੇ ਖਾਲਸਈ ਰਾਜ ਦੀ ਨੀਂਹ ਰਖੀ। ਸਿਖ ਮਿਸਲਾਂ ਨੂੰ ਇਕ ਮੁਠ ਕਰ ਕੇ ਉਹ ਸ਼ਕਤੀ ਪ੍ਰਦਾਨ ਕੀਤੀ ਕਿ ਜਿਸ ਨੂੰ ਯੂਰਪ ਦੀਆਂ ਮਹਾਨ ਰਾਜਨੀਤਕ ਸ਼ਕਤੀਆਂ ਵੀ ਮੰਨ ਗਈਆਂ। ਮਹਾਰਾਜਾ ਰਣਜੀਤ ਸਿੰਘ ਨਾਲ ਸੰਧੀ ਕਰਨਾ ਯੂਰਪ ਦੇ ਦੇਸ ਮਾਣ ਦੀ ਗਲ ਸਮਝਦੇ ਸਨ।

ਆਪ ਨੇ ਹਮੇਸ਼ਾ ਲੜਦੇ ਭਿੜਦੇ ਸਿਖ ਸਰਦਾਰਾਂ ਨੂੰ ਪਿਆਰ ਨਾਲ ਸਮਝਾ ਕੇ, ਭਾਈ ਭਾਈ ਬਣ ਕੇ ਰਹਿਣ ਦਾ ਉਪਦੇਸ਼ ਕੀਤਾ। ਆਪ ਉਨ੍ਹੀਵੀਂ ਸਦੀ ਦੀ ਪ੍ਰਮੁਖ ਹਸਤੀ ਸਨ ਜਿਨ੍ਹਾਂ ਨੂੰ ਆਪਣਿਆਂ ਅਤੇ ਬੇਗਾਨਿਆਂ ਸਭ ਨੇ ਮਹਾਨ ਆਖਿਆ ਹੈ। ਆਪ ਜਿਥੇ ਰਾਜਨੀਤਕ ਸ਼ਕਤੀ ਦਾ ਧਾਰਾ ਸਨ ਉਥੇ ਆਪ ਰੁਹਾਨੀਅਤ ਦਾ ਵੀ ਕੇਂਦਰ ਸਨ। ਸਿਖ ਪੰਥ ਦੀਆਂ ਵਰਤਮਾਨ ਸੰਤ ਸੰਪਰਦਾਵਾਂ ਆਪ ਤੋਂ ਹੀ ਵਰੋਸਾਈਆਂ। ਅੱਡਣਸ਼ਾਹੀ, ਸੇਵਾ ਪੰਥੀ, ਬਾਬਾ ਵਸਤੀ ਰਾਮ ਜੀ, ਸੰਤ ਬੀਰ ਸਿੰਘ ਜੀ ਨੌਰੰਗਾ ਬਾਦੀਏ, ਸੰਤ ਕਰਮ ਸਿੰਘ ਜੀ ਹੋਤੀ ਮਰਦਾਨ, ਭਾਈ ਦੁਖ ਭੰਜਨ ਜੀ, ਬਾਬਾ ਖ਼ੁਦਾ ਸਿੰਘ ਜੀ ਆਦਿਕ ਮਹਾਨ ਧਾਰਮਿਕ ਵਿਅਕਤੀਆਂ ਦਾ ਆਪ ਨਾਲ ਗੁਰੂ ਵਾਲਾ ਸਬੰਧ ਸੀ। ਪਰ ਆਪ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਤੋਂ ਖੁਦ ਅੰਮ੍ਰਿਤ ਪਾਨ ਕੀਤਾ ਅਤੇ ਆਯੂ ਭਰ ਹਜ਼ਾਰਾਂ ਸਿੰਘ ਸੇਵਕਾਂ ਨੂੰ ਅੰਮ੍ਰਿਤ ਛਕਾ ਖ਼ਾਲਸਾ ਸਜਾਉਂਦੇ ਰਹੇ ਹਨ। ਆਪ ਦੀ ਗੁਰਗੱਦੀ ਦਾ ਵਾਰਸ ਵੀ ਅੰਮ੍ਰਿਤਧਾਰੀ ਖਾਲਸਾ ਹੀ ਹੋ ਸਕਦਾ ਹੈ। ਆਪ ਗੁਰਮਤਿ ਦੇ ਪੂਰਨ ਗਿਆਨੀ ਸਨ। ਆਪ ਜੀ ਦੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਅੰਮ੍ਰਿਤ ਕਥਾ ਸੁਣਨ ਲਈ ਹਜ਼ਾਰਾਂ ਸੰਗਤਾਂ ਮੀਲਾਂ ਦੇ ਪੈਂਡੇ ਮਾਰ ਕੇ ਆਪ ਦੇ ਦਰਬਾਰ ਵਿਚ ਪੁਜਦੀਆਂ ਸਨ। ਆਪ ਦੇ ਪਵਿਤਰ ਦਮਦਮੇ ਪੋਠੋਹਾਰ ਤੋਂ ਲੈ ਮਾਲਵੇ ਦੇ ਪਿੰਡਾਂ ਵਿਚ ਥਾਂ ਪਰ ਥਾਂ ਮਿਲਦੇ ਹਨ। ਦਮਦਮਾ ਫ਼ਾਰਸੀ ਸ਼ਬਦ ਹੈ ਜਿਸ ਦਾ ਅਰਥ ਉੱਚਾ ਥੜਾ ਹੈ। ਆਪ ਉੱਚੇ ਚਬੂਤਰੇ ਉੱਤੇ ਬੈਠ ਕੇ ਸਿਖ ਸੰਗਤਾਂ ਨੂੰ ਉਪਦੇਸ਼ ਦਿਆ ਕਰਦੇ ਸਨ। ਇਸੇ ਲਈ ਆਪ ਦੇ ਪਵਿਤਰ ਅਸਥਾਨ ਦਮਦਮੇ ਅਖਵਾਂਉਂਦੇ ਹਨ। ਸਿਖ ਪੰਥ ਨੂੰ ਆਪ ਦੀਆਂ ਯਾਦਗਾਰਾਂ ਬਣਵਾਉਣੀਆਂ ਚਾਹੀਦੀਆਂ ਹਨ, ਢਾਉਣੀਆਂ ਨਹੀਂ। ਆਪ ਦਾ ਜੀਵਨ ਇਤਿਹਾਸ ਕੌਮ ਦਾ ਵਡ-ਮੁੱਲਾ ਵਿਰਸਾ ਹੈ। ਸਿਖ ਇਤਿਹਾਸਕਾਰਾਂ ਨੂੰ ਆਪ ਦੇ ਜੀਵਨ ਇਤਿਹਾਸ ਦੀ ਖੋਜ ਕਰਨੀ ਚਾਹੀਦੀ ਹੈ। ਅਸੀਂ ਪੁਰਾਤਨ ਗਰੰਥਾਂ ਵਿਚੋਂ ਹਵਾਲੇ ਦਿਤੇ ਹਨ ਕਿ ਆਪ ਦੀ ਹਸਤੀ ਕਿੰਨੀ ਮਹਾਨ ਸੀ। ਵਰਤਮਾਨ ਇਤਿਹਾਸਕਾਰਾਂ ਨੂੰ ਵੀ ਆਪਣੀ ਖੋਜ ਰਾਹੀਂ ਆਪ ਦੇ ਵਡਮੁਲੇ ਜੀਵਨ ਹੀਰੇ ਨੂੰ ਕੌਮ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ ਤਾਕਿ ਅਸੀਂ ਉਸ ਜੀਵਨ ਵਿਚੋਂ ਲੋ ਲੈ ਕੇ ਆਪਣੇ ਹਨੇਰੇ ਜੀਵਨ ਨੂੰ ਰੌਸ਼ਨ ਕਰ ਸਕੀਏ।

# ਬਾਬਾਣੀਆਂ ਕਹਾਣੀਆਂ ਪੁਤ ਸਪੁਤ ਕਰੇਨ

( ਵਲੋਂ— ਬਾਬਾ ਮਧੁਸੂਦਨ ਸਿੰਘ ਜੀ ਬੇਦੀ ਗੱਦੀ ਨਸ਼ੀਨ, ਊਨਾ ਸਾਹਿਬ )

ਅਜ ਅਸੀਂ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਸ਼ੁਭ ਆਗਮਨ ਦਿਹਾੜਾ ਮਨਾ ਰਹੇ ਹਾਂ । ਉਨ੍ਹਾਂ ਦਾ ਜੀਵਨ ਸਾਡੇ ਲਈ ਇਕ ਚਾਨਣ ਮੁਨਾਰਾ ਹੈ । ਆਉ ਅਸੀਂ ਅਜ ਦੇ ਦਿਨ ਉਹਨਾਂ ਦੇ ਉਪਕਾਰਾਂ ਨੂੰ ਯਾਦ ਕਰਦੇ ਹੋਏ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ।

ਆਪ ਜੀ ਦਾ ਜਨਮ ਡੇਰਾ ਬਾਬਾ ਨਾਨਕ ਵਿਖੇ ਸ੍ਰੀ ਬਾਬਾ ਅਜੀਤ ਸਿੰਘ ਜੀ ਦੇ ਗ੍ਰਿਹ ਮਾਤਾ ਸਰੂਪਾਂ ਦੇਵੀ ਜੀ ਦੀ ਕੁਖੋਂ ਸੰਮਤ 1813 ਬਿਕ੍ਰਮੀ, ਚੇਤ ਦੇ ਮਹੀਨੇ ਪੰਚਮੀ ਵਾਲੇ ਦਿਨ ਹੋਇਆ । ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਤਾਨ ਵਿਚੋਂ ਦਸਵੀਂ ਥਾਵੇਂ ਸਨ । ਅਸੀਂ ਅਜ ਆਪ ਦੇ ਆਪਣੇ ਰੰਗੀਨ ਮਹੱਲ ਵਿਚ ਇਹ ਸ਼ੁਭ ਦਿਨ ਮਨਾਉਣ ਦਾ ਸੁਭਾਗ ਪ੍ਰਾਪਤ ਕਰ ਰਹੇ ਹਾਂ । ਜਨਮ ਤੋਂ ਲੈ ਕੇ ਸੁਰਤ ਸੰਭਾਲਣ ਤੀਕ ਆਪ ਦੇ ਚਿਹਨ ਚੱਕਰ ਦੂਜੇ ਬਾਲਕਾਂ ਨਾਲੋਂ ਨਿਆਰੇ ਸਨ । ਆਪ ਵਿਚ ਇਕ ਖਾਸ ਨੂਰ ਝਲਕਾਂ ਮਾਰ ਰਿਹਾ ਸੀ । ਮੁਖੜੇ ਦੀ ਸੁੰਦਰਤਾ, ਪਿਆਰੇ ਬੋਲ, ਅਤੇ ਨੈਣਾਂ ਦੀਆਂ ਪਲਕਾਂ ਵਿਚ ਗੰਭੀਰਤਾ ਝਲਕ ਰਹੀ ਸੀ ਤੇ ਬਚਨ ਬਿਲਾਸ ਦੀ ਕੋਮਲਤਾ ਦੇ ਪ੍ਰਭਾਵ ਨਾਲ ਸੰਗਤਾਂ ਮੋਹੀਆਂ ਜਾ ਰਹੀਆਂ ਸਨ । ਇਹ ਗਲ ਆਪ ਦੇ ਇਤਿਹਾਸ ਤੋਂ ਸਾਫ਼ ਸਾਫ਼ ਸਿਧ ਹੁੰਦੀ ਹੈ । ਸਭ ਤੋਂ ਪਹਿਲਾਂ ਧਾਰਮਕ ਵਿਦਿਆ ਵਿਚ ਆਪ ਨੂੰ ਆਪ ਦੇ ਪਿਤਾ ਬਾਬਾ ਅਜੀਤ ਸਿੰਘ ਜੀ ਨੇ ਨਿਪੁਨ ਕਰ ਦਿਤਾ ਹੋਇਆ ਸੀ । ਆਪ ਦੀ ਅਵਸਥਾ ਉਦੋਂ ਸਤਾਰਾਂ ਸਾਲ ਦੀ ਸੀ ਜਦੋਂ ਆਪ ਦੇ ਪਿਤਾ ਬਾਬਾ ਅਜੀਤ ਸਿੰਘ ਜੀ ਪ੍ਰਲੋਕ ਸਿਧਾਰ ਗਏ । ਉਸ ਸਮੇਂ ਤੋਂ ਹੀ ਸਿਖ ਸੰਗਤਾਂ ਅੰਦਰ ਧਰਮ ਪ੍ਰਚਾਰ ਦੀ ਜ਼ੁਮੇਮਾਰੀ ਨੂੰ ਆਪ ਨੇ ਸੰਭਾਲ ਲਿਆ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਂਵਾਕ ਹਨ :-

"ਜੇ ਤੂੰ ਮੇਰਾ ਹੋਇ ਰਹੈਂ ਸਭ ਜਗ ਤੇਰਾ ਹੋਇ"

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਵੀਹ ਸਾਲਾਂ ਦੀ ਅਵਸਥਾ ਵਿਚ ਹੀ ਗੁਰਬਾਣੀ ਅਤੇ ਸਿਖ ਇਤਿਹਾਸ ਦੇ ਪੂਰੇ ਜਾਣੂੰ ਹੋ ਚੁਕੇ ਸਨ । ਜਿਸ ਕਾਰਨ ਆਪ ਦੇ ਮਨ ਵਿਚ ਸਿਖ ਧਰਮ ਪ੍ਰਚਾਰ ਦੇ ਉਤਸ਼ਾਹ ਦਾ ਇਕ ਅਨੁਭਵੀ ਸੋਮਾਂ ਫੁਟ ਪਿਆ । ਪਰ ਉਹ ਅਜ ਕਲ ਦੇ ਪ੍ਰਚਾਰਕਾਂ ਵਾਂਗ ਆਪਣੇ ਪ੍ਰਚਾਰ ਨੂੰ ਆਰੰਭ ਕਰਨਾ ਨਹੀਂ ਚਾਹੁੰਦੇ ਸਨ, ਉਹ ਸਚੀ ਸੁਚੀ ਲਗਨ ਵਾਲੇ ਅਤੇ ਇਸ ਵਾਕ ਦੇ ਧਾਰਨੀ ਸਨ :

"ਪਹਿਲੇ ਮਨ ਪਰਬੋਧਹੁ ਅਪਣਾ, ਪਾਛੇ ਅਵਰ ਰੀਝਾਵਹੁ ।"

ਆਪ ਇਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਕੋਈ ਵੀ ਪ੍ਰਚਾਰ ਆਰੰਭ ਕਰਨ ਤੋਂ ਪਹਿਲਾਂ ਆਪਣੇ ਮਨ ਦਾ ਸਾਧਨਾ ਅਥਵਾ ਜਪ ਤਪ ਸਿਮਰਨ ਕਰਨਾ ਜ਼ਰੂਰੀ ਹੈ ।

"ਪਹਿਲੇ ਬਾਬੇ ਪਾਇਆ ਬਖਸ਼ ਦਰ, ਪਿਛੋਂ ਦੇ ਫਿਰ ਘਾਲ ਕਮਾਈ ।"

ਸ੍ਰੀ ਸਤਿਗੁਰੂ ਨਾਨਕ ਜੀ ਮਹਾਂਰਾਜ ਉਤੇ ਪਹਿਲੇ ਹੀ ਰੱਬੀ ਬਖਸ਼ਸ਼ਾਂ ਹੋ ਚੁਕੀਆਂ ਸਨ, ਪਰ ਫਿਰ ਵੀ ਆਪ ਨੇ ਆਪਣਾ ਪ੍ਰਚਾਰ ਕਰਨ ਤੋਂ ਪਹਿਲਾਂ "ਰੇਤ ਅਕ ਅਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ" ਸੀ ।

ਅਤੇ ਇਸੇ ਤਰ੍ਹਾਂ ਬਾਬਾ ਸ੍ਰੀ ਚੰਦ, ਲੱਖਮੀ ਦਾਸ ਜੀ ਨੇ ਘਾਲ ਘਾਲੀ । ਉਪਰੰਤ ਸ੍ਰੀ ਬਾਬਾ ਕਲਾਧਾਰੀ ਤੀਕ ਨਾਮ ਸਿਮਰਨ ਦੀ "ਮੁਸ਼ੱਕਤ ਘਾਲ" ਘਾਲਦੇ ਰਹੇ । ਤਿਵੇਂ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ ਆਪਣਾ ਧਰਮ ਪ੍ਰਚਾਰ ਆਰੰਭ ਕਰਨ ਤੋਂ ਪਹਿਲਾਂ ਕਈ ਸਾਲ ਨਗਨ ਰਹਿ ਕੇ ਭਾਰੀ ਤਪਸਿਆ ਕੀਤੀ ਤੇ ਸੰਗਤਾਂ ਨੂੰ ਇਹ ਉਪਦੇਸ਼ ਦੇ ਕੇ ਨਿਹਾਲ ਕਰਦੇ ਰਹੇ । ਜਿਸ ਦਾ ਜ਼ਿਕਰ "ਰਾਜਾ ਜੋਗੀ" ਨਾਮੀ ਪੁਸਤਕ ਵਿਚ ਇਸ ਤਰ੍ਹਾਂ ਦਿਤਾ ਹੈ :

"ਚਿੰਤਾ ਨੂੰ ਛਡ ਦੇ । ਤੇ ਸਤਿਨਾਮ ਦਾ ਸਿਮਰਨ ਕਰ । ਕਲਜੁਗ ਵਿਚ ਸਤਿਨਾਮ ਹੀ ਤਾਰਕ ਮੰਤਰ ਹੈ । ਜੋ ਜਪ ਤਪ ਬ੍ਰਿਤ ਪੂਜਾ ਸਭ ਥੀਂ ਅਧਿਕ ਫਲ ਦਾਇਕ ਹੈ । ਜਿਹੜਾ ਪੁਰਸ਼ ਇਕ ਮਨ ਹੋ ਕੇ ਇਸ ਮੂਲ ਮੰਤ੍ਰ ਦਾ ਪਾਠ ਕਰੇਗਾ ਸੋ ਪ੍ਰਮ ਪਦਵੀ ਨੂੰ ਪਾ ਕੇ ਜਨਮ ਮਰਨ ਥੀਂ ਰਹਿਤ ਹੋ ਜਾਏਗਾ ।

ਇਸ ਤਪਸਿਆ ਤੇ ਪ੍ਰਚਾਰ ਦੇ ਫਲ ਕਾਰਨ ਹੀ ਆਪ ਦਾ ਜੀਵਨ ਪੂਰਨ ਰੂਪ ਵਿਚ ''ਸੰਤ ਸਿਪਾਹੀ' ਤੇ ਰਾਜਾ ਜੋਗੀ ਦਾ ਜੀਵਨ ਪ੍ਰਸਿਧ ਹੋਇਆ ਅਤੇ ਆਪ ਇੰਨੇ ਪ੍ਰਤਾਪੀ ਹੋਏ ਕਿ ਆਪ ਦੇ ਲੰਗਰ ਅੰਦਰ ਹੋਲੇ ਸਮੇਂ ਸੰਗਤਾਂ ਵਾਸਤੇ ਇਕ ਡੰਗ ਦਾ 35 ਮਣ ਲੂਣ ਵਰਤਦਾ ਰਿਹਾ। ਇਸ ਤੋਂ ਅਸੀਂ ਅਨੁਭਵ ਕਰ ਸਕਦੇ ਹਾਂ ਕਿ ਆਪ ਦੀਆਂ ਸੰਗਤਾਂ ਦਾ ਆਪ ਦੇ ਨਾਲ ਕਿੰਨਾ ਅਥਾਹ ਪਿਆਰ ਸੀ। ਪੂਰਬੀ ਅਤੇ ਪਛਮੀ ਪੰਜਾਬ ਵਿਚ ਦੋਹੀਂ ਪਾਸੀਂ ਉਹਨਾਂ ਦੇ ਕਈ ਦਮਦਮੇ ਹੁਣ ਤੀਕ ਮੌਜੂਦ ਹਨ। ਸੰਗਤਾਂ ਜੋ ਉਹਨਾਂ ਦੇ ਨਾਮ, ਕਰਨੀ, ਕਮਾਈ ਤੋਂ ਵਿਕੀਆਂ ਸਨ, ਜਿਥੇ ਬਾਬਾ ਜੀ ਪੈਰ ਧਰਦੇ ਸਨ, ਉਸ ਥਾਂ ਨੂੰ ਮਹਾਨ ਪਵਿੱਤ੍ਰ ਜਾਣ ਕੇ ਉਹ ਦਮਦਮੇ ਬਣਾ ਦਿੰਦੀਆਂ ਸਨ। ਇਸ ਤੋਂ ਸਿਧ ਹੁੰਦਾ ਹੈ ਕਿ ਉਸ ਸਮੇਂ ਦੀਆਂ ਸਿਖ ਸੰਗਤਾਂ ਨਾਲ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਕਿੰਨਾ ਪਿਆਰ ਸੀ। ਅਤੇ ਅਜਿਹਾ ਹੋਣਾ ਜ਼ਰੂਰੀ ਵੀ ਸੀ।

ਏਥੇ ਇਹ ਗਲ ਸਾਨੂੰ ਵਧੇਰੇ ਸਮਝਣ ਦੀ ਲੋੜ ਹੈ। ਉਸ ਸਮੇਂ ਸਿਖ ਪੰਥ ਅੰਦਰ ਬਹੁਤ ਕਰਕੇ ਧਰਮ ਪ੍ਰਚਾਰ ਦੀ ਅਗਵਾਈ ਗੁਰ ਅੰਸ਼ਾਂ ਦੇ ਹਥ ਹੀ ਹੁੰਦੀ ਸੀ। ਸਿੰਘ ਸਭਾਵਾਂ, ਇਲਾਕੇ ਵਾਰ ਕਮੇਟੀਆਂ ਜਾਂ ਜਥੇਦਾਰੀਆਂ ਨਹੀਂ ਸਨ ਹੁੰਦੀਆਂ। ਗੁਰ-ਅੰਸਾਂ ਦੇ ਮੁਖੀਏ ਜਾਂ ਹੋਰ ਕਈ ਪ੍ਰੇਮੀ ਗੁਰਮੁਖ, ਸੰਤ ਮਹਾਤਮਾ, ਸੇਵਾ ਪੰਥੀ ਜਾਂ ਉਦਾਸੀ ਸਾਧ ਹੀ ਇਸ ਸੇਵਾ ਨੂੰ ਨਿਭਾਉਂਦੇ ਸਨ। ਗੁਰ-ਅੰਸ਼ ਅੰਮ੍ਰਿਤ ਛਕਾ ਕੇ ਪ੍ਰਚਾਰ ਕਰਦੇ ਅਤੇ ਸੇਵਾ ਪੰਥੀ ਤੇ ਉਦਾਸੀ ਮਹਾਤਮਾ ਆਪਣੇ ਡੇਰਿਆਂ, ਅਖਾੜਿਆਂ ਵਿਚ, ਪਿੰਡਾਂ ਸ਼ਹਿਰਾਂ ਵਿਚ ਜਾਕੇ ਸਹਿਜ ਧਾਰੀ ਸੰਗਤਾਂ ਨੂੰ ਸਤਿਨਾਮ ਦਾ ਮੰਤ੍ਰ ਜਪਾ ਕੇ ਗੁਰੂ ਗਰੰਥ ਸਾਹਿਬ ਜੀ ਦੀ ਇਸਟ ਟੇਕ ਨਾਲ ਗੰਢ ਰਖਿਆ ਕਰਦੇ ਸਨ। ਪਰ ਗੁਰੂ ਅੰਸਾਂ ਅਥਵਾ ਬੇਦੀ ਵੰਸ ਵਲੋਂ ਪਹਿਲੀ ਵੇਰਾਂ ਸ੍ਰੀ ਬਾਬਾ ਅਜੀਤ ਸਿੰਘ ਜੀ ਅਤੇ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਜਾਕੇ ਅੰਮ੍ਰਿਤ ਪਾਨ ਕੀਤਾ। ਬਾਕੀ ਆਪਣੇ ਸਾਰੇ ਜੀਵਨ ਵਿਚ ਅੰਮ੍ਰਿਤ ਪ੍ਰਚਾਰ ਕਰਕੇ ਅਨਗਿਣਤ ਸਿੰਘ ਸਜਾਏ। ਇਹਨਾਂ ਦੀ ਰੀਸੇ ਜਾਂ ਪਰੇਰਨਾ ਦੇ ਕਾਰਨ ਹੋਰ ਵੀ ਗੁਰਅੰਸਾਂ ਦੇ ਕਈ ਮੁਖੀਆਂ ਨੇ ਅੰਮ੍ਰਿਤ ਛਕਿਆ ਅਤੇ ਆਪਣੀ ਕਰਨੀ ਕਮਾਈ ਦੇ ਪ੍ਰਭਾਵ ਨਾਲ ਸਿਖ ਧਰਮ ਦੇ ਧਾਰਨੀ ਬਣਾਉਂਦੇ ਅਤੇ ਸਿਖ ਧਰਮ ਦਾ ਵਾਧਾ ਕਰਦੇ ਰਹੇ, ਗੁਰਅੰਸਾਂ ਦੀ ਘਾਲ ਕਮਾਈ ਤੋਂ ਪ੍ਰਭਾਵਤ ਹੋ ਕੇ ਸਿਖ ਸੰਗਤਾਂ ਵੀ ਇਹਨਾਂ (ਗੁਰੂ ਅੰਸਾਂ) ਦਾ ਮਾਨ ਸਤਿਕਾਰ ਕਰਦੀਆਂ ਰਹੀਆਂ, ਤੇ ਦੋਵੇਂ ਧਿਰਾਂ ਆਪਣੇ ਆਪ ਨੂੰ ਇਕ ਸੱਚੇ ਸੁਚੇ ਨਾਤੇ ਵਿਚ ਬੱਝਾ ਹੋਇਆ ਸਮਝਦੀਆਂ ਸਨ।

ਆਪ ਜੀ ਦਾ ਉਪ੍ਰੋਕਤ ਸੱਚਾ ਸੁਚਾ ਜੀਵਨ ਤੇ ਅਨਭਵੀ ਪ੍ਰਚਾਰ ਦਾ ਅਸਰ ਸਭ ਤੋਂ ਪਹਿਲੇ ਸਿਖ ਸੰਗਤਾਂ ਅਤੇ ਫਿਰ ਊਨੇ ਸਾਹਿਬ ਨਾਲ ਲਗਦੀਆਂ ਪਹਾੜੀ ਰਿਆਸਤਾਂ ਦੇ ਰਾਜਿਆਂ ਉਤੇ ਵੀ ਬਹੁਤ ਪਿਆ। ਆਪ ਜੀ ਦੀ ਸਚਾਈ ਤੇ ਯੋਗਤਾ ਦਾ ਹੀ ਇਹ ਸਿੱਟਾ ਸੀ ਕਿ ਸੰਤੋਖ ਗੜ੍ਹ ਦੇ ਰਾਜਾ ਗੁਰਦਿਤ ਸਿੰਘ ਅਤੇ ਜੱਸੋਵਾਲੀਏ ਰਾਜਾ ਉਮੀਦ ਸਿੰਘ ਜੀ ਨੇ ਆਪਣੀਆਂ ਰਿਆਸਤਾਂ ਦੀ ਹੱਦ ਬੰਦੀ ਦੇ ਚਰੋਕੇ ਚਲ ਰਹੇ ਝਗੜੇ ਨੂੰ ਨਿਪਟਾਉਣ ਲਈ ਆਪ ਜੀ ਨੂੰ ਸਾਲਸ ਮੰਨਿਆ ਅਤੇ ਇਹਨਾਂ ਦੇ ਦਿਤੇ ਫ਼ੈਸਲੇ ਉਤੇ ਖੁਸ਼ ਹੋ ਕੇ ਰਾਜਾ ਗੁਰਦਿਤ ਸਿੰਘ ਨੇ ਕੁਲ ਗਿਰਾਂ ਦਾ ਹਲਕਾ ਅਤੇ ਰਾਜਾ ਉਮੀਦ ਸਿੰਘ ਨੇ ਊਨੇ ਸਾਹਿਬ ਦਾ ਸਾਰਾ ਪ੍ਰਗਨਾ ਸ੍ਰੀ ਹਜ਼ੂਰ ਦੇ ਲੰਗਰ ਲਈ ਭੇਟ ਕੀਤਾ।

ਮਹਾਰਾਜਾ ਰਣਜੀਤ ਸਿੰਘ ਜੀ ਉਤੇ ਜੋ 2 ਬਖਸ਼ਸ਼ਾਂ ਸ੍ਰੀ ਹਜ਼ੂਰ ਬਾਬਾ ਜੀ ਦੀਆਂ ਹੋਈਆਂ ਉਹਨਾਂ ਦਾ ਨਿਰਨਾਂ ਵੀ ਦੂਜੀਆਂ ਕਈ ਤਵਾਰੀਖਾਂ ਅਥਵਾ ''ਰਾਜਾ ਜੋਗੀ'' ਪੁਸਤਕ ਵਿਚ ਨਿਰਨੇ ਨਾਲ ਲਿਖੀਆਂ ਮਿਲਦੀਆਂ ਹਨ। ਇਹ ਮਿਹਰਾਂ ਬਚਪਨ ਸਮੇਂ ਤੋਂ ਹੀ ਹੋਈਆਂ ਜਦ ਪਹਿਲੀ ਵਾਰ ਆਪ ਦੇ ਪਾਸ ਮਹਾਂਰਾਜਾ ਰਣਜੀਤ ਸਿੰਘ ਨੂੰ ਉਸ ਦੀ ਮਾਤਾ, ਰਾਮ ਨਗਰ ਜ਼ਿਲਾ ਗੁਜਰਾਂ ਵਾਲੇ ਵਿਚ ਆਪ ਦੀ ਸ਼ਰਨ ਲੈ ਆਈ ਤਾਂ ਬਾਬਾ ਜੀ ਨੇ ਸਾਰੀ ਗਲ ਸੁਣਕੇ ਰਣਜੀਤ ਸਿੰਘ ਨੂੰ ਬਾਹੋਂ ਪਕੜ ਪਾਸ ਬਿਠਾਇਆ ਅਤੇ ਕਿਹਾ, ''ਬੇਟਾ ਸਨਮੁਖ ਹੋ ਕੇ ਬੈਠ ਜਾ, ਬਦਲਾਂ ਦੀਆਂ ਘਟਾਂ ਛਾ ਜਾਣ ਸਮੇਂ ਕੁਝ ਚਿਰ ਲਈ ਸੂਰਜ ਜ਼ਰੂਰ ਢਕਿਆ ਜਾਂਦਾ ਹੈ ਪਰ ਓੜਕ ਨੂੰ ਪੜਦੇ ਫਾੜ ਚਮਕਦਾ ਹੈ।'' ਇਹ ਆਖ ਕੇ ਪਿਠ ਉਤੇ ਥਾਪੀ ਦਿਤੀ ਅਤੇ ਆਪਣੇ ਗਲੋਂ ਸੋਨੇ ਦਾ ਹਾਰ ਕੰਠਾ ਲਾ ਕੇ ਸਰਦਾਰ ਰਣਜੀਤ ਸਿੰਘ ਦੇ ਗਲ ਪਾਇਆ ਤੇ ਇਉਂ ਫਰਮਾਇਆ।

''ਸਾਰੇ ਗਹਿਣੇ ਭੰਨ ਕੇ ਇਕ ਹੱਸ ਘੜਾਇਆ।''

ਨਾਲੇ ਵਰ ਦਿਤਾ ਬੇਟਾ ਤੇਰੇ ਅਗੇ ਜੋ ਅੜੇਗਾ ਸੋ ਝੜੇਗਾ ; ਜੋ ਸ਼ਰਨ ਪਏਗਾ, ਈਨ ਮੰਨੇਗਾ, ਸੋ ਤਰੇਗਾ । ਦੇਰ ਨਹੀਂ ਜੋ ਸਾਰੇ ਰਾਜੇ ਰਾਣੇ ਤੇਰੀ ਸਲਾਮੀ ਦੇਣਗੇ । ਤੂੰ ਪੰਜਾਬ ਦਾ ਬਾਦਸ਼ਾਹ ਹੋਵੇਂਗਾ ।

ਇਹਨਾਂ ਗਲਾਂ ਤੇ ਬਾਬਾ ਜੀ ਦੀਆਂ ਮਿਹਰਾਂ ਤੋਂ ਪ੍ਰਭਾਵਤ ਹੋ ਕੇ ਕਈ ਵੇਰ ਮਹਾਰਾਜਾ ਰਣਜੀਤ ਸਿੰਘ ਨੇ ਵੀ ਸ੍ਰੀ ਬਾਬਾ ਜੀ ਦੇ ਅਤੁਟ ਲੰਗਰ ਲਈ ਜਗੀਰਾਂ ਭੇਟ ਕੀਤੀਆਂ ਤੇ ਦੂਜੇ ਕਈ ਹੋਰ ਸਰਦਾਰ ਵੀ ਅਜਿਹਾ ਕਰਦੇ ਰਹੇ । ਇਹੀ ਨਹੀਂ, ਆਪ ਜੀ ਦੀ ਹੀ ਪ੍ਰੇਰਨਾ ਦਵਾਰਾ ਮਹਾਰਾਜਾ ਰਣਜੀਤ ਸਿੰਘ ਨੇ ਗੁਰ-ਅਸਥਾਨਾਂ ਦੇ ਨਾਮ ਜਗੀਰਾਂ ਲਾਈਆਂ । ਸ੍ਰੀ ਨਨਕਾਣਾ ਸਾਹਿਬ ਜਨਮ ਅਸਥਾਨ ਦੇ ਲੰਗਰ ਲਈ ਜਗੀਰਾਂ ਦੇ ਪੱਟੇ ਕਰਵਾਏ ਗਏ ਜੋ ਅਜ ਤੀਕ ਕ ਇਮ ਹਨ ।

ਪਰ ਰਬ ਦੀ ਭਾਵੀ ਪ੍ਰਬਲ ਹੈ । ਇਹ ਭਾਵੀ ਪਿਛਲੇ ਸਾਰੇ ਪੀਰ ਪੈਗੰਬਰਾਂ ਅਤੇ ਗੁਰ-ਅਵਤਾਰਾਂ ਉਤੇ ਵੀ ਹੋ ਬੀਤੀ ਹੈ । ਹਜ਼ੂਰ ਬਾਬਾ ਸਾਹਿਬ ਸਿੰਘ ਜੀ ਚੰਗੀ ਤਰ੍ਹਾਂ ਜਾਣ ਚੁਕੇ ਸਨ ਕਿ ਅੰਗਰੇਜ਼ ਹਾਕਮਾਂ ਨੇ ਲਾਹੌਰ ਦਰਬਾਰ ਦੇ ਡੋਗਰੇ ਵਜ਼ੀਰਾਂ ਨੂੰ ਆਪਣੇ ਇਸ਼ਾਰੇ ਦੀ ਸਾਣ ਤੇ ਚੜ੍ਹਾ ਲਿਆ ਹੈ ਅਤੇ ਸਿਖ ਰਾਜ ਦੀਆਂ ਜੜ੍ਹਾਂ ਕਟਣ ਦੇ ਯੋਗ ਬਣਾ ਦਿਤਾ ਹੈ । ਇਸ ਗਲ ਤੋਂ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਅਤੇ ਅਕਾਲੀ ਫੂਲਾ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਨੂੰ ਬਹੁਤ ਸਮਝਾਉਂਦੇ ਰਹੇ । ਪਰ ਰਬ ਦੀ ਨੇਤ ਹੀ ਅਜੇਹੀ ਵਰਤੀ ਕਿ ਸਦਾ ਅਨੁਸਾਰੀ ਰਹਿਣ ਵਾਲੇ ਮਹਾਰਾਜਾ ਜੀ ਉਤੇ ਆਖਰੀ ਸਮੇਂ ਹਜ਼ੂਰ ਬਾਬਾ ਜੀ ਦੀ ਸਿਖਿਆ ਨੂੰ ਨਾ ਮੰਨਣ ਦਾ ਭੈੜਾ ਅਸਰ ਹੋਇਆ । ਸਿਖ ਰਾਜ ਵਿਚ ਫੁਟ ਪੈ ਗਈ ਤੇ ਅੰਗਰੇਜ਼ਾਂ ਨੇ ਪੰਜਾਬ ਵਿਚ ਮਹਾਰਾਜ ਜੀ ਦੇ ਅਕਾਲ ਚਲਾਣੇ ਪਿਛੋਂ ਆਪਣਾ ਕਬਜ਼ਾ ਕਾਇਮ ਕਰ ਲਿਆ ।

ਅੰਗਰੇਜ਼ ਹਾਕਮਾਂ ਨੂੰ ਇਹ ਸਭ ਕੁਝ ਪਤਾ ਸੀ ਕਿ ਹਜ਼ੂਰ ਬਾਬਾ ਜੀ ਉਹਨਾਂ ਦੀ ਨੀਤੀ ਵਿਚ ਅਖੀਰ ਤਕ ਭਾਰੀ ਰੁਕਾਵਟ ਬਣੇ ਰਹੇ । ਉਹ ਇਹ ਵੀ ਜਾਣਦੇ ਸਨ ਕਿ ਫੁਟ ਪਾਏ ਬਿਨਾਂ ਆਪ ਦੇ ਕਦਮ ਨਾ ਜਮ ਸਕਣਗੇ ਅਤੇ ਸਿਖ ਸੰਗਤਾਂ ਦੇ ਪਿਆਰ ਅਤੇ ਸ਼ਰਧਾ ਤੇ ਕਾਰੀ ਸਟ ਨਾ ਲਾ ਸਕਣਗੇ । ਆਪਣੇ ਰਾਜਸੀ ਲਾਭਾਂ ਨੂੰ ਮੁਖ ਰਖਦੇ ਹੋਏ ਪੰਜਾਬ ਦੀਆਂ ਸਿਖ ਸੰਗਤਾਂ ਵਿਚ ਭਰਮ ਭੇਦ ਤੇ ਵਿਤਕਰੇ ਪਾ ਕੇ ਗੁਰਅੰਸ਼ਾਂ ਤੇ ਸੰਗਤਾਂ ਦੇ ਰਿਸ਼ਤੇ ਗੰਢ ਨੂੰ ਖੋਲ੍ਹ ਦਿਤਾ ਤੇ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਪਿਛੋਂ ਬਾਬਾ ਬਿਕਰਮਾ ਸਿੰਘ ਜੀ ਨੂੰ ਵਧੇਰੇ ਦੁਖ ਤੇ ਤਸੀਹੇ ਦਿਤੇ ਗਏ । ਮਹਾਰਾਜ ਬਾਬਾ ਬਿਕ੍ਰਮਾ ਸਿੰਘ ਸਾਹਿਬ ਜੀ ਨੇ ਅੰਗਰੇਜ਼ਾਂ ਦੀ ਗੁਲਾਮੀ ਨੂੰ ਪ੍ਰਵਾਨ ਨਾ ਕਰਦੇ ਹੋਏ ਬਗ਼ਾਵਤ ਕਰਨ ਦੇ ਯਤਨ ਕੀਤੇ । ਝੋਲੀਚੁਕਾਂ ਨੇ ਅੰਗਰੇਜ਼ਾਂ ਕੋਲ ਚੁਗਲੀ ਖਾਧੀ ਜਿਸ ਕਾਰਨ ਊਨੇ ਸਾਹਿਬ ਦੇ ਇਲਾਕੇ ਵਿਚ ਘਮਸਾਨ ਦੀ ਲੜਾਈ ਹੋਈ । ਅੰਗਰੇਜ਼ਾਂ ਨੇ ਬਗ਼ਾਵਤ ਨੂੰ ਕੁਚਲ ਦਿਤਾ ਤੇ ਮਹਾਰਾਜ ਦੇ ਕਿਲ੍ਹੇ ਅਤੇ ਮਹਿਲ ਤੋਪਾਂ ਨਾਲ ਧਰਤੀ ਉਤੇ ਢਹਿ ਢੇਰੀ ਕਰ ਦਿਤੇ । ਮਹਾਰਾਜ ਬਿਕ੍ਰਮਾ ਸਿੰਘ ਜੀ ਅੰਮ੍ਰਿਤਸਰ ਵਿਚ ਨਜ਼ਰਬੰਦ ਕਰ ਦਿਤੇ ਗਏ ਅਤੇ ਆਪ ਦੀ ਸਾਰੀ ਜਾਇਦਾਦ ਊਨੇ ਦੇ ਇਲਾਕੇ ਵਿਚ ਜਿਸ ਤੋਂ ਆਪ ਨੂੰ ਦੋ ਲਖ ਰੁਪਏ ਦੀ ਸਾਲਾਨਾ ਆਮਦਨੀ ਸੀ, ਜ਼ਬਤ ਕਰ ਲਈ ਗਈ ਅਤੇ ਨਜ਼ਰਬੰਦੀ ਵਿਚ ਹੀ 14 ਸਾਲ ਪਿਛੋਂ ਪ੍ਰਲੋਕ ਸਿਧਾਰ ਗਏ । ਕਿਸੇ ਨੇ ਠੀਕ ਹੀ ਕਿਹਾ ਹੈ :

"ਸਦਾ ਬਾਦਸ਼ਾਹੀ ਰਬ ਦੀ ਹੈ ।"

ਅਜ ਸਾਡੇ ਦੇਸ਼ ਦਾ ਲਹੂ ਚੂਸਨ ਵਾਲੇ ਅੰਗਰੇਜ਼ ਦਾ ਬੋਰੀਆ ਬਿਸਤਰਾ ਗੋਲ ਹੋ ਚੁਕਾ ਹੈ ਅਤੇ ਦੇਸ਼ ਅਜ਼ਾਦ ਹੈ । ਇਧਰ ਵੀ ਬਾਬੇ ਜੀ ਦੀ ਮਿਹਰ ਅਤੇ ਪ੍ਰੇਰਨਾਂ ਦਵਾਰਾ ਆਪ ਦੇ ਲੰਗਰ ਮੁੜ ਉਸੇ ਤਰ੍ਹਾਂ ਖੋਲ੍ਹ ਦਿਤੇ ਗਏ ਹਨ ਅਤੇ ਆਸ ਹੈ ਕਿ ਗੁਰੂ ਬਾਬਾ ਮੁੜ ਆਪਣੇ ਲੰਗਰ ਦੇ ਪ੍ਰਤਾਪ ਨੂੰ ਉਸੇ ਤਰ੍ਹਾਂ ਪ੍ਰਗਟਾਏਗਾ । ਸਾਨੂੰ ਇਸ ਗਲ ਦਾ ਪੂਰਨ ਵਿਸ਼ਵਾਸ਼ ਹੋ ਚੁਕਾ ਹੈ ਕਿ ਤਿੰਨ ਸਾਲਾਂ ਤੋਂ ਇਲਾਕੇ ਦੀਆਂ ਸੰਗਤਾਂ ਤੇ ਊਨੇ ਨਿਵਾਸੀ ਸਜਣ ਸ੍ਰੀ ਬਾਬੇ ਜੀ ਦਾ ਇਹ ਜਨਮ ਦਿਹਾੜਾ ਮਨਾਉਣ ਵਿਚ ਸਾਡੇ ਨਾਲ ਤਨ, ਮਨ, ਧਨ ਕਰਕੇ ਸਹਿਮਤ ਤੇ ਪੂਰੇ ਸਹਾਇਕ ਹੋ ਰਹੇ ਹਨ । ਅਤੇ ਅਗੋਂ ਵੀ ਇਸੇ ਤਰ੍ਹਾਂ ਸਹਾਇਕ ਰਹਿ ਕੇ ਗੁਰੂ ਬਾਬੇ ਦੀਆਂ ਖੁਸ਼ੀਆਂ ਦੇ ਭਾਗੀ ਹੋਣਗੇ ।

ਸ੍ਰ: ਕਪੂਰ ਸਿੰਘ ਜੀ ਆਈ. ਸੀ. ਐਸ. ਨੇ ਪਿਛਲੇਰੇ ਗੁਰਪੁਰਬ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਤੇ ਹੇਠ ਲਿਖਿਆ ਸੰਦੇਸ਼ ਦਿਤਾ :

ਮੇਰੀ ਬੜੀ ਇਛਾ ਸੀ, ਕਿ ਆਪ ਉਨੇ ਹਾਜ਼ਰ ਹੋ ਕੇ ਬ੍ਰਹਮ ਗਿਆਨੀ, ਗੁਰਮੁਖ, ਮਹਾਨ ਆਤਮਾਂ, ਸ੍ਰੀ ਬਾਬਾ ਸਾਹਿਬ ਸਿੰਘ ਜੀ, ਬੇਦੀ ਕੁਲ-ਰਤਨ, ਜੀ ਦੇ ਚਰਨਾਂ ਵਿਚ ਉਹਨਾਂ ਦੇ ਜਨਮ ਦਿਨ ਪੁਰਬ ਉਤੇ ਹਾਰਦਿਕ ਸ਼ਰਧਾਂਜਲੀ ਭੇਟ ਕਰਦਾ, ਪਰ ਮੇਰੀਆਂ ਜ਼ਾਤੀ ਉਲਝਣਾਂ ਨੇ ਮੈਨੂੰ ਇਹ ਸੁਭਾਗ ਪ੍ਰਾਪਤ ਨਹੀਂ ਹੋਣ ਦਿਤਾ ।

ਸ੍ਰੀ ਬਾਬਾ ਸਾਹਿਬ ਸਿੰਘ ਜੀ ਨਿਰਸੰਦੇਹ ਐਸੀ ਉਚ ਆਤਮਾਂ ਸਨ ਜਿਨ੍ਹਾਂ ਬਾਬਤ ਦਸਮ ਪਾਤਸ਼ਾਹ ਦਾ ਵਚਨ ਹੈ ਕਿ :

ਆਤਮ ਰਸ ਜਿਨ੍ਹ ਜਾਨਿਓ ਸੋਈ ਖਾਲਸਾ ਦੇਵ,
ਪ੍ਰਭੁ ਮੈਂ, ਮੁਝ ਮੈਂ, ਤਾਸ ਮੈਂ ਰੰਚਕ ਨਾਹਨ ਭੇਵ ।

ਉਨ੍ਹਾਂ ਨੇ ਬੜੇ ਔਖੇ ਵੇਲੇ, ਅਨੇਕ ਘਾਲਾਂ ਘਾਲ ਕੇ, ਪੰਥ ਨੂੰ ਰਾਜਸੀ ਅਤੇ ਆਤਮਕ ਔਜ ਉਤੇ ਪੁਚਾਉਣ ਦਾ ਜਤਨ ਅਤੇ ਪਰਉਪਕਾਰ ਕੀਤਾ । ਜੇ ਉਸ ਵੇਲੇ ਦੇ ਸਿਖ ਆਗੂ ਮਹਾਨ ਬਾਬਾ ਜੀ ਦੀਆਂ ਰਾਜਨੀਤਕ ਸਲਾਹ ਅਤੇ ਧਾਰਮਿਕ ਉਪਦੇਸ਼ਾਂ ਵਲ ਧਿਆਨ ਦਿੰਦੇ ਤਾਂ ਸਿਖ ਰਾਜ ਅਜ ਸਾਰੇ ਉਤਰੀ ਭਾਰਤ ਉਤੇ ਸਥਾਪਤ ਹੋਇਆ ਹੁੰਦਾ, ਅੰਗਰੇਜ਼ਾਂ ਦੇ ਪੈਰ ਕਦੇ ਭਾਰਤ ਵਿਚ ਨ ਜੰਮਦੇ, ਅਤੇ ਸਿਖ ਕੌਮ ਅਜ ਸੰਸਾਰ ਭਰ ਦੀਆਂ ਪ੍ਰਤਿਸ਼ਟ ਅਤੇ ਗੌਰਵਸ਼ਾਲੀ ਕੌਮਾਂ ਵਿਚ ਮੋਹਰੀ ਹੁੰਦੀ । ਪਰ ਬਾਬਾ ਜੀ ਦੇ ਬਚਨਾਂ ਉਪਦੇਸ਼ਾਂ ਨੂੰ ਪੰਥ ਨੇ ਗੌਹ ਨਾਲ ਨਾ ਸੁਣਿਆ ਵਿਚਾਰਿਆ, ਜਿਸ ਦਾ ਫਲ ਅਸੀਂ ਅਜ ਭੁਗਤ ਰਹੇ ਹਾਂ ।

ਅਜ ਜੁ ਸੰਗਤਾਂ ਫੇਰ ਮਹਾਨ ਬਾਬਾ ਜੀ ਦੀਆਂ ਕਰਨੀਆਂ ਤੇ ਕਹਿਣੀ ਦੀ ਸਿਮ੍ਰਤੀ ਕਰਨ ਲਈ ਇਕੱਠੀਆਂ ਹੋਈਆਂ ਹਨ, ਤਾਂ ਉਹਨਾਂ ਦਾ ਜਨਮ ਪੁਰਬ ਮਨਾਉਣਾ ਇਹੋ ਹੈ ਕਿ ਉਹਨਾਂ ਦੇ ਉਪਦੇਸ਼ਾਂ ਨੂੰ ਵਿਚਾਰ ਕੇ ਉਨ੍ਹਾਂ ਉਤੇ ਅਮਲ ਕੀਤਾ ਜਾਵੇ । ਨਾਮ ਸਿਮਰਣ, ਪਰਉਪਕਾਰ, ਸੇਵਾ, ਪੰਥ ਲਈ ਆਪਾ ਵਾਰਨਾ ਅਤੇ ਸ਼ਤਰੂਆਂ ਮਿਤ੍ਰਾਂ ਦੀ ਪਛਾਣ ਕਰਕੇ ਸਦਾ ਸਾਵਧਾਨ ਰਹਿਣਾ, ਇਹੋ ਮਹਾਨ ਬਾਬਾ ਜੀ ਦੇ ਉਪਦੇਸ਼ ਸਨ । ਇਹਨਾਂ ਉਤੇ ਚਲ ਕੇ ਅਸੀਂ ਅਜ ਫੇਰ ਆਪਣੀ ਅਧੋਗਤੀ ਵਿਚੋਂ ਨਿਕਲ ਸਕਦੇ ਹਾਂ । ਬਾਬਾ ਜੀ ਦੀ ਮਹਾਨ ਆਤਮਾਂ ਤਾਂ ਪੰਥ ਦੀ ਸਹਾਇਤਾ ਲਈ ਸਦਾ ਤਤਪਰ ਹੈ । ਲੋੜ ਕੇਵਲ ਇਸ ਗਲ ਦੀ ਹੈ ਕਿ ਅਸੀਂ ਉਹਨਾਂ ਦੀ ਕ੍ਰਿਪਾ ਦੇ ਪਾਤਰ ਬਣੀਏ ।

ਸੁਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ ਜੀ ਐਮ.ਏ. (ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਬੰਬਈ) ਨੇ ਮਹਾਰਾਜ ਬਾਰੇ ਅੰਗਰੇਜ਼ੀ ਵਿਚ ਲਿਖਿਆ, ਜਿਸ ਦਾ ਤਰਜਮਾ ਹੇਠ ਦਿਤਾ ਗਿਆ ਹੈ :

ਮੈਂ ਪ੍ਰਾਰਥਨਾ ਕਰਦਾ ਹਾਂ ਕਿ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਜਨਮ ਉਤਸਵ ਦਿਨ ਦੂਣੀ ਰਾਤ ਚੌਗਣੀ ਤਰੱਕੀ ਕਰੇ । ਆਪ ਸਿਖ ਤਵਾਰੀਖ ਦੀ ਇਕ ਮਹਾਨ ਹਸਤੀ ਸਨ, ਸਿੱਖ ਰਾਜ ਦੇ ਥਾਪਨ ਵਾਲੇ ਸਨ ਤੇ ਸਿਖ ਰਾਜ ਨੂੰ ਚਮਕਾਉਣ ਵਿਚ ਆਪ ਦਾ ਖਾਸ ਹਥ ਸੀ । ਆਂਪ ਦੀ ਸਲਾਹ ਮਸ਼ਵਰੇ ਬਗੈਰ, ਮਹਾਰਾਜਾ ਸ਼ੇਰੇ-ਪੰਜਾਬ ਐਸਾ ਅਜ਼ੀਮ ਮਹਾਰਾਜਾ ਨਾ ਹੋ ਸਕਦਾ ਤੇ ਇਹੋ ਜਹੇ ਵਡੇਰੇ ਸ਼ਾਨ ਵਾਲੇ ਕੰਮ ਨਾ ਕਰ ਸਕਦਾ, ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ਨੇ ਸ਼ੇਰੇ-ਪੰਜਾਬ ਨੂੰ ਉਨ੍ਹਾਂ ਔਖੇ ਦਿਹਾੜਿਆਂ ਵਿਚ ਹਿੰਦੋਸਤਾਨ ਦੀ ਤਵਾਰੀਖ ਵਿਚ ਸੂਰਜ ਦੀ ਤਰ੍ਹਾਂ ਚਮਕਾਇਆ ।

❖

# ਬਾਬਾ ਸਾਹਿਬ ਸਿੰਘ ਜੀ ਬੇਦੀ

(ਗਿਆਨੀ ਭਜਨ ਸਿੰਘ ਜੀ)

ਬਾਬਾ ਸਾਹਿਬ ਸਿੰਘ ਬੇਦੀ, ਖ਼ਾਲਸਾ ਰਾਜ ਦੀ ਇਕ ਮਹਾਨ ਸ਼ਖਸੀਅਤ, ਉਤਮ ਧਾਰਮਕ ਜੀਵਨ ਵਾਲੇ ਤੇ ਪੂਰਨ ਸੰਤ-ਸਿਪਾਹੀ ਜਰਨੈਲ ਸਨ। ਜਿਤਨੀ ਸਰਬ ਪੱਖੀ ਸ਼ਖਸੀਅਤ ਬਾਬਾ ਸਾਹਿਬ ਸਿੰਘ ਜੀ ਦੀ ਸੀ, ਸ਼ਾਇਦ ਹੀ ਹੋਰ ਕਿਸੇ ਵਿਅਕਤੀ ਦੀ ਹੋਵੇ। ਉਹਨਾਂ ਦੀ ਮਹਾਨਤਾ ਦਾ ਇਕ ਹੀ ਸਬੂਤ ਕਾਫ਼ੀ ਹੈ ਕਿ ਜਦ 1801 ਈ ਨੂੰ ਮਹਾਰਾਜਾ ਰਣਜੀਤ ਸਿੰਘ ਨੂੰ ਮਹਾਰਾਜਗੀ ਮਿਲੀ ਤਾਂ ਤਿਲਕ ਲਾਉਣ ਦੀ ਰਸਮ ਅਦਾ ਕਰਨ ਦਾ ਮਾਣ ਬਾਬਾ ਸਾਹਿਬ ਸਿੰਘ ਜੀ ਨੂੰ ਦਿਤਾ ਗਿਆ। ਜਦ ਵੀ ਖਾਲਸੇ ਦੀ ਪਰਸਪਰ ਲੜਾਈ ਜਾਂ ਝਗੜਾ ਹੋਇਆ ਬਾਬਾ ਸਾਹਿਬ ਸਿੰਘ ਜੀ ਨੂੰ ਸਾਰਿਆਂ ਨੇ ਸਾਲਸ ਮੰਨਿਆ ਤੇ ਉਹਨਾਂ ਦੇ ਨਿਰਨੇ ਦਾ ਪੂਰਾ ਸਤਿਕਾਰ ਕੀਤਾ।

ਬਹੁਤੇ ਲੋਕ ਬਾਬਾ ਸਾਹਿਬ ਸਿੰਘ ਨੂੰ ਇਕ ਧਾਰਮਕ ਜੀਵਨ ਵਾਲਾ ਸਮਝ ਕੇ ਹੀ ਸਤਿਕਾਰਦੇ ਸਨ ਬਹੁਤ ਘਟ ਲੋਕਾਂ ਨੂੰ ਪਤਾ ਹੈ ਕਿ ਉਹ ਜੰਗ ਦੇ ਮੈਦਾਨ ਵਿਚ ਇਕ ਸਫਲ ਸੂਰਬੀਰ ਤੇ ਕਾਮਯਾਬ ਜਰਨੈਲ ਵ ਸਨ। ਉਹਨਾਂ ਦੀ ਕਮਾਨ ਹੇਠ ਖਾਲਸੇ ਨੇ ਜਿਤਨੀਆਂ ਵੀ ਮੁਹਿੰਮਾਂ ਸ਼ੁਰੂ ਕੀਤੀਆਂ ਉਹਨਾਂ ਸਭ ਵਿਚ ਸਫਲਤ ਪ੍ਰਾਪਤ ਕਰਦੇ ਰਹੇ। ਉਹਨਾਂ ਨੂੰ ਸਿਖ ਜਰਨੈਲਾਂ ਦੀ ਲੜੀ ਦਾ ਕੀਮਤੀ ਮੋਤੀ ਆਖਿਆ ਜਾ ਸਕਦਾ ਹੈ।

ਬਾਬਾ ਸਾਹਿਬ ਸਿੰਘ ਜੀ ਦੁਆਬੇ ਦੇ ਨਗਰ ਊਨਾ ਦੇ ਜੰਮ ਪਲ ਸਨ। ਇਹਨਾਂ ਦੇ ਪਿਤਾ ਬਾਬਾ ਜੀਤ ਸਿ ਬਹੁਤ ਉਚੇ ਦਰਜੇ ਦੇ ਕਥਾਕਾਰ ਤੇ ਵਿਆਖਿਆਕਾਰ ਸਨ। ਗੁਰਮਤ ਦੀ ਕਥਾ ਉਨ੍ਹਾਂ ਨਾਲੋਂ ਕੋਈ ਨਹੀਂ ਸੀ ਕਰ ਸਕਦਾ ਸਾਧਾਰਨ ਇਨਸਾਨ ਤਾਂ ਆਪ ਦੇ ਪ੍ਰਸ਼ੰਸਕ ਸਨ ਹੀ, ਕਈ ਪਹਾੜੀ ਰਾਜਿਆਂ ਨੇ ਆਪ ਤੋਂ ਪਰਮਾਰਥ ਬ ਜਾਣਕਾਰੀ ਲਈ ਤੇ ਇਹਨਾਂ ਨੂੰ ਜਾਗੀਰਾਂ ਦਿਤੀਆਂ। ਇਕ ਤੇ ਇਸ ਕਰਕੇ ਇਜ਼ਤ ਸੀ ਕਿ ਆਪ ਗੁਰੂ ਨਾਨਕ ਬੇਦੀ ਕੁਲ ਵਿਚੋਂ ਸਨ ਤੇ ਦੂਜਾ ਆਪ ਵਿਦਵਾਨ ਸਨ। ਬਾਬਾ ਸਾਹਿਬ ਸਿੰਘ ਜੀ ਨੂੰ ਗੁਰਮਤ ਗਿਆਨ ਤਾਂ ਪਿਤਾ ਵਿਰਸੇ ਵਿਚ ਹੀ ਮਿਲ ਗਿਆ। ਆਪ ਵੀ ਪਿਤਾ ਵਾਂਗ ਹੀ ਬਹੁਤ ਸੁੰਦਰ ਕਥਾ ਕਰਨ ਲਗ ਪਏ। ਦੂਰ ਦੂ ਤਕ ਲੋਕ ਆਪ ਨੂੰ ਉਚੇਚਾ ਧਾਰਮਕ ਸਮਾਗਮਾਂ ਵਿਚ ਲੈ ਕੇ ਜਾਂਦੇ ਤੇ ਇਹਨਾਂ ਤੋਂ ਸਿਖ ਧਰਮ ਤੇ ਗੁਰਬਾਣੀ ਜਾਣਕਾਰੀ ਪ੍ਰਾਪਤ ਕਰਦੇ। ਜਵਾਨੀ ਚੜ੍ਹਦਿਆਂ ਸ਼ਸਤਰ ਵਿਦਿਆ ਲਈ ਕਈ ਸਿਆਣੇ ਉਸਤਾਦਾਂ ਦਾ ਸੰਗ ਕੀ ਤੇ ਹਰ ਤਰ੍ਹਾਂ ਦੇ ਹਥਿਆਰ ਚਲਾਉਣ, ਘੋੜ ਸਵਾਰੀ ਤੇ ਤੇਗ ਚਲਾਉਣ ਦੀ ਜਾਚ ਸਿਖ ਲਈ ਤੇ ਇਉਂ ਪੂਰ ਸੰਤ ਸਿਪਾਹੀ ਬਣ ਗਏ।

ਇਲਾਕੇ ਵਿਚ ਇਹ ਸਭ ਪਾਸੇ ਪ੍ਰਸਿਧ ਸੀ ਕਿ ਬਾਬਾ ਸਾਹਿਬ ਸਿੰਘ ਜੀ ਕਿਸੇ ਦਾ ਲਿਹਾਜ਼ ਨਹੀਂ ਕਰ ਕਿਸੇ ਗਲਤ ਗਲ ਦੀ ਹਮਾਇਤ ਨਹੀਂ ਕਰਦੇ, ਸਚ ਦਾ ਪੂਰਾ ਪਹਿਰਾ ਦਿੰਦੇ ਹਨ। ਇਥੋਂ ਤਕ ਕਿ ਪਹਾੜੀ ਰ ਆਪਸ ਵਿਚ ਝਗੜੇ ਨਬੇੜਨ ਲਈ ਇਹਨਾਂ ਨੂੰ ਸਾਲਸ ਮਿਥਣ ਲਗ ਪਏ। ਇਕ ਵਾਰ ਇਹਨਾਂ ਨੇ ਜਸਵਾਲ ਸੰਤੋਖਗੜ੍ਹ ਦੇ ਰਾਜਿਆਂ ਵਿਚ ਉਸ ਸਮੇਂ ਸੁਲਾਹ ਕਰਾ ਦਿਤੀ ਜਦ ਦੋਹਾਂ ਦੀਆਂ ਫ਼ੌਜਾਂ ਇਕ ਦੂਜੇ ਦੇ ਟਾਕਰੇ ਲ ਮੈਦਾਨ ਵਿਚ ਅਪੜ ਚੁਕੀਆਂ ਸਨ।

ਜਦ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਤੇ 1799 ਈ. ਨੂੰ ਕਬਜ਼ਾ ਕੀਤਾ ਤਾਂ ਅਗਲੇ ਸਾਲ ਟ
ਆਪਣੇ ਖਾਸ ਭਰੋਸੇ ਯੋਗ ਕਰਮਚਾਰੀ ਊਨੇ ਭੇਜੇ ਜਿਨ੍ਹਾਂ ਰਾਹੀਂ ਬੇਨਤੀ ਕੀਤੀ ਕਿ ਬਾਬਾ ਸਾਹਿਬ ਸਿੰਘ ਜੀ ਵਿਸ਼
ਖਾਲਸਾ ਰਾਜ ਦੀ ਉਸਾਰੀ ਲਈ ਮਿਲਵਰਤਣ ਤੇ ਅਸ਼ੀਰਵਾਦ ਦੇਣ ਤੇ ਇਸ ਕੰਮ ਲਈ ਲਾਹੌਰ ਆਉਣ। ਬਾ
ਸਾਹਿਬ ਸਿਘ ਵਿਚ ਸਿਖ ਜਜ਼ਬਾ ਠਾਠਾਂ ਮਾਰਦਾ ਸੀ ਤੇ ਸਾਂਝੇ ਵਿਸ਼ਾਲ ਖਾਲਸਾ ਰਾਜ ਦੀ ਉਸਾਰੀ ਦੀ ਆਪ
ਬੇਹੱਦ ਇੱਛਾ ਸੀ। ਉਹ ਤੁਰਤ ਲਾਹੌਰ ਪਹੁੰਚੇ ਤਾਂ ਉਨ੍ਹਾਂ ਦਾ ਮਹਾਰਾਜਾ ਰਣਜੀਤ ਸਿੰਘ ਨੇ ਆਪ ਸ਼ਹਿਰ ਤੋਂ ਬਾ
ਅਗੇ ਹੋ ਕੇ ਸਵਾਗਤ ਕੀਤਾ ਤੇ ਜੀ ਆਇਆਂ ਕਿਹਾ। ਕਿਲ੍ਹੇ ਵਿਚ ਆਪਣੇ ਪਾਸ ਉਹਨਾਂ ਦਾ ਠਹਿਰਾਉ ਕਰਾਇਆ
ਇਸ ਤਰ੍ਹਾਂ ਦਾ ਮਾਣ ਮਹਾਰਾਜੇ ਨੇ ਹੋਰ ਕਿਸੇ ਨੂੰ ਪਹਿਲਾਂ ਨਹੀਂ ਸੀ ਦਿਤਾ।

ਬਾਬਾ ਸਾਹਿਬ ਸਿੰਘ ਜੀ ਦੀ ਸਲਾਹ ਨਾਲ ਹੀ ਵਿਸਾਖੀ ਦੇ ਦਿਨ 1801 ਈ. ਨੂੰ ਲਾਹੌਰ ਵਿਚ ਵੱ
ਭਾਰੀ ਦਰਬਾਰ ਕਰਨ ਤੇ ਰਣਜੀਤ ਸਿੰਘ ਨੂੰ ਮਹਾਰਾਜਾ ਬਨਾਣ ਦਾ ਫ਼ੈਸਲਾ ਹੋਇਆ। ਜਦ 13 ਅਪਰੈਲ ਨੂੰ ਸ਼ਾ
ਦਰਬਾਰ ਹੋਇਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਇਛਾ ਪ੍ਰਗਟ ਕੀਤੀ ਕਿ ਬਾਬਾ ਸਾਹਿਬ ਸਿੰਘ ਹੀ ਅਰਦ
ਕਰਨ ਤੇ ਇਹਨਾਂ ਦੇ ਪਵਿਤਰ ਕਰ-ਕਮਲਾਂ ਤੋਂ ਹੀ ਮਹਾਰਾਜਗੀ ਦਾ ਪਦ ਦਿਤਾ ਜਾਏ। ਸੋ ਇਸੇ ਤਰ੍ਹਾਂ ਹੋਇ
ਤੇ ਬਾਬਾ ਸਾਹਿਬ ਸਿੰਘ ਜੀ ਨੇ ਤਿਲਕ ਲਾਇਆ ਤੇ ਅਰਦਾਸਾ ਕੀਤਾ। ਇਸ ਪਿਛੋਂ ਆਪ ਮਹਾਰਾਜਾ ਰਣਜ
ਸਿੰਘ ਦੇ ਵਡੇ ਸਲਾਹਕਾਰ ਬਣ ਗਏ। ਜਦ ਵੀ ਕਿਸੇ ਕਿਸਮ ਦੀ ਗੁੰਝਲ ਉਤਪੰਨ ਹੁੰਦੀ ਮਹਾਰਾਜਾ ਰਣਜੀਤ ਸਿ
ਬਾਬਾ ਜੀ ਤੋਂ ਸਲਾਹ ਪੁਛਦੇ। ਲੜਾਈਆਂ ਤੇ ਚੜ੍ਹਾਈਆਂ ਸਮੇਂ ਵੀ ਬਾਬਾ ਸਾਹਿਬ ਸਿੰਘ ਨਾਲ ਹੁੰਦੇ ਤੇ ਹਰ
ਸਲਾਹ ਦਿੰਦੇ। ਲੋੜ ਪੈਣ ਤੇ ਬਾਬਾ ਸਾਹਿਬ ਸਿੰਘ ਆਪ ਤੇਗ ਲੈ ਕੇ ਜੰਗ ਦੇ ਮੈਦਾਨ ਵਿਚ ਨਿਤਰਦੇ ਤੇ ਫ਼ੌਜ
ਲਲਕਾਰਦੇ ਹੋਏ ਸੁਚੱਜੀ ਅਗਵਾਈ ਕਰਦੇ। ਬਾਬਾ ਸਾਹਿਬ ਸਿੰਘ ਸਮੇਂ ਦੇ ਧਾਰਮਕ ਆਗੂ, ਮੁਖੀ ਸਲਾਹਕਾਰ
ਪਤਵੰਤੇ ਜਰਨੈਲ ਸਨ। ਲੜਾਈ ਸਮੇਂ ਲੜਦੇ ਤੇ ਅਮਨ ਸਮੇਂ ਅੰਮ੍ਰਿਤ ਪਰਚਾਰ ਕਰਦੇ। ਇਉਂ ਬੀਰ ਰਸ
ਲਗਾਤਾਰ ਪਰਚਾਰ ਕਰਦੇ ਰਹਿੰਦੇ।

ਬਾਬਾ ਸਾਹਿਬ ਜੀ ਦੀਆਂ ਉਘੀਆਂ ਮੁਹਿੰਮਾਂ ਚੋਂ ਮਲੇਰਕੋਟਲੇ ਤੇ ਚੜ੍ਹਾਈ ਖਾਸ ਵਰਣਨ ਯੋਗ ਹੈ। ਉ
ਦੇ ਨਵਾਬ ਅਤਾਉਲਾ ਖਾਨ ਨੇ ਹਿੰਦੂਆਂ ਸਿਖਾਂ ਨੂੰ ਤੰਗ ਕਰਨ ਲਈ ਗਊ-ਬਧ ਕੀਤਾ ਤੇ ਲੋਕਾਂ ਬਾਬਾ ਜੀ
ਜਾ ਕੇ ਊਨੇ ਫ਼ਰਿਆਦ ਕੀਤੀ। ਬਾਬਾ ਸਾਹਿਬ ਸਿੰਘ ਜੀ ਨੇ 800 ਸਿੰਘਾਂ ਦੀ ਫ਼ੌਜ ਲੈ ਕੇ ਮਲੇਰਕੋਟਲੇ ਤੇ ਚੜ੍ਹ
ਕਰ ਦਿਤੀ। ਬੜੀ ਭਿਆਨਕ ਲੜਾਈ ਹੋਈ ਤੇ ਬਾਬਾ ਸਾਹਿਬ ਸਿੰਘ ਨੇ ਮੈਦਾਨ ਵਿਚ ਤਲਵਾਰ ਚਲਾਈ ਤੇ ਅਖ
ਹਰਾ ਦਿਤਾ। ਮਹਾਰਾਜਾ ਪਟਿਆਲਾ ਨੇ ਵਿਚ ਪੈ ਕੇ ਨਵਾਬ ਦੀ ਜਾਨ ਬਖਸ਼ਵਾਈ।

ਇਸੇ ਤਰ੍ਹਾਂ ਰਾਏ ਕੋਟੀਆਂ ਨੇ ਜਦ ਸਿੰਘਾਂ ਦੀ ਧਾਰਮਕ ਅਜ਼ਾਦੀ ਤੇ ਛਾਪਾ ਮਾਰਿਆ ਤਾਂ ਬਾਬਾ ਸਾਹਿ
ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਅਰਦਾਸ ਕਰਕੇ ਧਰਮ ਯੁਧ ਸ਼ੁਰੂ ਕਰ ਦਿਤਾ। ਅਠ ਹਜ਼ਾਰ ਤੋਂ ਉਪਰ ਸਿੰਘ ਅ
ਦੀ ਅਗਵਾਈ ਹੇਠ ਨਿਤਰੇ ਤੇ ਹਮਲਾ ਕਰ ਦਿਤਾ। ਇਥੇ ਵੀ ਲਹੂ ਡੋਲਵੀਂ ਲੜਾਈ ਹੋਈ ਤੇ ਅਖੀਰ ਮਹਾਰ
ਕੈਥਲ ਨੇ ਵਿਚ ਪੈ ਕੇ ਗਲ ਮੁਕਾਈ। ਬਾਬਾ ਸਾਹਿਬ ਸਿੰਘ ਨੇ ਲੁਧਿਆਣਾ ਤੇ ਜਗਰਾਉਂ ਜਿਤ ਕੇ ਨਵਾਬ ਰਾਏ ਕੋਟ ਨੂੰ
ਦਿਤੇ। ਇਹ ਦੋ ਮੁਹਿੰਮਾਂ ਤਾਂ ਇਕੱਲੇ ਬਾਬਾ ਜੀ ਨੇ ਆਪ ਹੀ ਜਿਤੀਆਂ। ਬਹੁਤ ਸਾਰੀਆਂ ਮੁਹਿੰਮਾਂ ਵਿਚ ਸ
ਖਾਲਸਾ ਰਾਜ ਦੀ ਉਸਾਰੀ ਲਈ ਕੰਮ ਕੀਤਾ।

ਅਖੀਰ 1834 ਈ. ਨੂੰ ਬਾਬਾ ਸਾਹਿਬ ਸਿੰਘ ਜੀ ਅਕਾਲ ਚਲਾਣਾ ਕਰ ਗਏ। ਆਪ ਦਾ ਨਾਂ ਧਰ
ਸਿੰਘਾਂ, ਪਰ-ਉਪਕਾਰੀਆਂ ਤੇ ਸੂਰਬੀਰਾਂ ਵਿਚ ਮੋਹਰਲੀ ਕਤਾਰ ਵਿਚ ਗਿਣਿਆ ਜਾਂਦਾ ਹੈ।

# ੧ਓ ਹੀ "ਸੈਭੰ" ਹੈ

( ਪ੍ਰਿੰਸੀਪਲ ਸੇਵਾ ਸਿੰਘ 'ਮਾਨ' )

"ਸੈਭੰ" ਸ਼ਬਦ ਸੈ+ਭੰਗ ਦੇ ਸੰਜੋਗ ਤੋਂ ਬਣਿਆ ਹੈ, ਜਿਸ ਦਾ ਵਿਸ਼ਲੇਸ਼ਣ ਇਸ ਪ੍ਰਕਾਰ ਹੁੰਦਾ ਹੈ :—

ਸੈ (ਸ੍ਵੈ)=ਆਪਣਾ ਅਪ

ਭੰ=ਪ੍ਰਕਾਸ਼ ਰੂਪ

ਪੁਰਾਤਨ ਅਧਿਆਤਮਕ ਗਰੰਥਾਂ ਵਿਚ ਭਗਵਾਨ ਸੁਯੰਭੂ 'ਸੈਭੰ' ਨੂੰ ਹੀ ਆਖਿਆ ਗਿਆ ਹੈ। ੧ਓ ਸੁਤੇ ਪ੍ਰਕਾਸ਼ ਰੂਪ ਹੈ ਉਸ ਦਾ ਕਰਤਾ ਕੋਈ ਨਹੀਂ ਹੈ। ਹਾਂ ਉਹ ਸਭ ਦਾ ਕਰਤਾ ਪੁਰਖ ਹੈ। ਉਸ ਬਾਰੇ ਸੀ ਗੁ ਨਾਨਕ ਦੇਵ ਜੀ, 'ਜਪੁਜੀ' ਵਿਚ ਫੁਰਮਾਂਦੇ ਹਨ :—

ਥਾਪਿਆ ਨਾ ਜਾਇ, ਕੀਤਾ ਨਾ ਹੋਇ ॥
ਆਪੇ ਆਪ ਨਿਰੰਜਨ ਸੋਇ ॥

ਉਸ ਦੀ ਜੋਤਿ ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ ਅਰਥਾਤ ਉਹ ਕਿਸੇ ਤੋਂ ਚਾਨਣ ਨਹੀਂ ਲੈਂਦੀ। ਉਹ ਸ ਜਾਗਤ ਜੋਤਿ ਹੈ। ਇਸੇ ਨੂੰ ਖਾਲਸਾ ਜਪਦਾ ਹੈ।

ਸਾਡਾ ਸੂਰਜ ਕਿਸੇ ਹੋਰ ਵਡੇ ਸੂਰਜ ਤੋਂ ਚਾਨਣ ਲੈਂਦਾ ਹੈ ਉਹ ਕਿਸੇ ਆਪ ਤੋਂ ਵਡੇ ਤੋਂ। ਸੂਰਜ ਕਰੋੜਾਂ ਹਨ। ਇਨ੍ਹਾਂ ਵਿਚੋਂ ਆਖਰੀ ਸੂਰਜ "ਸੈਭੰ" ਤੋਂ ਜੋਤਿ ਲੈ ਪ੍ਰਕਾਸ਼ਮਾਨ ਹੈ; ਪਰੰਤੂ 'ਸੈਭੰ' ਨੂੰ ਚਾਨਣਾ ਦੇ ਵਾਲਾ ਹੋਰ ਕੋਈ ਦੂਜਾ ਨਹੀਂ ਹੈ, ਉਹ ਸ੍ਵੈ ਪ੍ਰਕਾਸ਼ ਰੂਪ ਹੈ। ਹਰ ਥਾਂ ਵਿਆਪਕ ਹੋਣ ਕਾਰਨ ਹਰ ਹਿਰਦੇ ਵਿ ਹੀ ਉਹ 'ਸੈਭੰ' ਸੁਤੇ ਪ੍ਰਕਾਸ਼ਮਾਨ ਹੈ।

ਅਮੋਘ ਦਰਸ਼ਨ ਅਜੂਨੀ ਸੰਭਉ 'ਸੈਭੰ' ਜੋ ਸੁਤੇ ਪ੍ਰਕਾਸ਼ਮਾਨ ਹੈ ਦਾ ਦਰਸ਼ਨ ਹੀ ਅਮੋਘ (ਖਾਲੀ ਨਾ ਰਹਿ ਵਾਲਾ) ਹੈ। ਉਹੀ 'ਸੈਭੰ' ਸੁਤੇ ਪ੍ਰਕਾਸ਼ ਅਥਵਾ ਗਿਆਨ ਸਰੂਪ, ਅੰਤਰਯਾਮੀ, ਦ੍ਰਿਸ਼ਟਾ (ਦੇਖਣਹਾਰ) ਅਤੇ ਗਿਆਤ (ਜਾਨਣਹਾਰ) ਵੀ ਹੈ।

ਮਨ ਦਾ ਸਰੂਪ ਫੁਰਨਾ ਹੈ ਅਤੇ ਮਨ ਦਾ ਕੰਮ ਸੰਕਲਪ ਤੇ ਵਿਕਲਪ ਉਠਾਉਣਾ ਹੈ।

ਸੰਕਲਪੋ ਵਿਕਲਪੋ ਸੁ ਮਨੰ ॥

'ਸੈਭੰ' ਦੇ ਸਨਮੁਖ ਮਨ, ਅਨੇਕਾਂ ਫੁਰਨੇ ਚਿਤਵਦਾ ਹੀ ਰਹਿੰਦਾ ਹੈ। ਮਨ ਦਾ ਕੋਈ ਵੀ ਫੁਰਨਾ ਅਜਿ ਨਹੀਂ ਹੈ ਜਿਸ ਨੂੰ 'ਸੈਭੰ' ਨੇ ਨਾ ਦੇਖਿਆ ਹੋਵੇ ਅਤੇ ਨਾ ਜਾਣਿਆ ਹੋਵੇ। ਅਰਥਾਤ 'ਸੈਭੰ' ਮਨ ਦੇ ਪਾਪ, ਪੁ ਅਛਾਈ ਬੁਰਾਈ ਸਭ ਤੋਂ ਭਲੀ ਭਾਂਤ ਜਾਣੂ ਹੈ। ਉਸ ਨੂੰ ਇਹ ਵੀ ਪਤਾ ਹੈ ਕਿ ਹੁਣ ਮੇਰਾ ਮਨ ਦੁਖੀ ਹੈ ਅ ਪਹਿਲਾਂ ਸੁਖੀ ਸੀ। ਮਨ ਦੇ ਦੁਖ, ਸੁਖ ਤੇ ਭਲੇ ਬੁਰੇ ਨੂੰ ਜਾਨਣ ਕਰ ਕੇ ਉਸ ਨੂੰ 'ਦਾਨਾ' (ਜਾਨਣ ਵਾਲਾ) ਹ ਸੰਕਲਪ ਵਿਕਲਪ ਨੂੰ ਉਠਦਾ ਵੇਖਣ ਕਰਕੇ 'ਬੀਨਾ' (ਦੇਖਣ ਵਾਲਾ, ਦਸ਼ਟਾ) ਕਿਹਾ ਜਾਂਦਾ ਹੈ। ਇਹ 'ਦਾਨਾ' 'ਬੀਨਾ ਹੀ ਮੇਰਾ 'ਸਾਂਈ' ਹੈ ਪਰ ਮੈਨੂੰ ਉਸ ਦੀ ਸਾਰ (ਖਬਰ) ਨਹੀਂ ਹੈ :—

ਦਾਨਾ ਬੀਨਾ ਸਾਈਂ ਮੈਂਡਾ
ਨਾਨਕ ਸਾਰ ਨਾ ਜਾਣਾ ਤੇਰੀ ॥

ਪਾਪੀ ਜੀਵ ਬੁਰਾ ਕੰਮ ਕਰਨ ਵੇਲੇ ਕਿਉਂ ਝਿਜਕਦਾ ਹੈ ? ਕਿਉਂਕਿ ਉਸ ਦੇ ਅੰਦਰ ਬੈਠਾ 'ਸੈਭੰ' ਉਸ ਦੇ ਪਾਪ ਨੂੰ ਵੇਖ ਰਿਹਾ ਹੁੰਦਾ ਹੈ। ਇਸੇ ਲਈ ਪ੍ਰਭੂ ਪਾਸੋਂ ਜੀਵ ਆਪਣਾ ਕੋਈ ਪਾਪ ਛੁਪਾ ਨਹੀਂ ਸਕਦਾ :—

ਅਗਹੁ ਦੇਖੈ ਪਿਛਹੁ ਦੇਖੈ ਤਿਸ ਤੇ ਕਹਾ ਛੁਪਾਈ ॥

ਹਰ ਜੀਵ ਦੇ ਅੰਦਰ ਬੈਠਾ ਪ੍ਰਭੂ 'ਸੈਭੰ' ਹੈ ਜੋ ਪਾਪ ਪੁੰਨ ਤੋਂ ਨਿਰਲੇਪ ਹੈ। ਉਹ ਤਾਂ ਜੀਵ ਦੇ ਪਾਪ ਪੁੰਨ ਦੀ ਪਰਖ ਹਰ ਸਮੇਂ ਆਪ ਕਰਦਾ ਰਹਿੰਦਾ ਹੈ :—

ਨਾਨਕ ਪਾਰਖ ਆਪ, ਜਿਨ ਖੋਟਾ ਖਰਾ ਪਛਾਣਿਆ ॥

ਜੀਵ ਸਮਝਦਾ ਹੈ ਕਿ ਮੈਂ ਪਾਪ ਲੁਕ ਕੇ ਕਰਦਾ ਹਾਂ, ਇਸ ਲਈ ਮੇਰੇ ਪਾਪ ਦਾ ਕਿਸੇ ਨੂੰ ਪਤ ਨਹੀਂ ਹੈ :—

ਕਰੇ ਬੁਰਾਈ ਮਾਨੁਖ ਤੇ ਛਪਾਈ, ਸਾਖੀ ਪੁਰਖੁ ਭਗਵਾਨ ॥

ਅਰਥਾਤ ਪਾਪੀ ਜੀਵ ਨੇ ਬੁਰਾਈ ਕਰਕੇ ਮਾਨੁਖ ਤੋਂ ਤਾਂ ਛੁਪਾ ਲਈ ਹੈ ਪਰੰਤੂ ਉਸ ਨੂੰ ਪਤਾ ਨਹੀਂ ਮੇਰੇ ਪਾਪ ਦਾ ਸਾਖੀ (ਗਵਾਹ) ਸਰਬ ਵਿਆਪੀ ਭਗਵਾਨ ਹੈ।

ਘਟ ਘਟ ਕੇ ਪਟ ਪਟ ਕੀ ਜਾਨਤ ॥
ਭਲੇ ਬੁਰੇ ਕੀ ਪੀਰ ਪਛਾਨਤ ॥

ਵਾਲਾ "ਅੰਤਰਜਾਮੀ ਰਹਿਉ ਬਿਆਪ" ਹੀ 'ਸੈਭੰ' ਹੈ। ਜੋ ਪਾਪੀ, ਪੁੰਨੀ, ਊਚ, ਨੀਚ, ਆਸਤਕ, ਨਾਸਤਕ ਸਭ ਵਿਚ ਸਮ (ਬਰਾਬਰ) ਹੈ।

ਅਵਲ ਅਲਾ ਨੂਰ ਉਪਾਇਆ, ਕੁਦਰਤ ਕੇ ਸਭ ਬੰਦੇ ॥
ਏਕ ਨੂਰ ਤੇ ਸਭ ਜਗੁ ਉਪਜਿਆ, ਕੌਣ ਭਲੇ ਕੋ ਮੰਦੇ ॥ (ਕਬੀਰ)

ਸ੍ਰੀ ਗੁਰੂ ਨਾਨਕ ਦੇਵ ਜੀ ਭੀ ਫੁਰਮਾਂਦੇ ਹਨ :—

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਪਰ ਇਸ ਗਲ ਦਾ ਯਕੀਨ ਕਿਸੇ ਵਿਰਲੇ ਭਾਗਾਂ ਵਾਲੇ ਨੂੰ ਹੀ ਹੁੰਦਾ ਹੈ ਕਿ ਸਰਬ ਵਿਆਪੀ ਜੋਤੀ ਸ ਸੈਭੰ' ਪ੍ਰਭੂ ਮੇਰੇ ਹਿਰਦੇ ਵਿਚ ਵੀ ਹੈ। ਕਿਉਂ ਜੋ ਇਸ ਭੁਲੇਖੇ ਨੂੰ ਭੁਲਿਆ ਹੋਇਆ (ਪਾਪੀ) ਜੀਵ ਖੁਦ ਦੂਰ ਨ ਰ ਸਕਦਾ। ਹਾਂ, ਜੇ ਭਾਗ ਚੰਗੇ ਹੋਣ, ਗੁਰੂ ਮਿਲ ਜਾਵੇ, ਤੇ ਉਹ ਕ੍ਰਿਪਾ ਕਰ ਕੇ ਭੁਲੇਖਾ ਕਢ ਦੇਵੇ, ਤਾਂ ਹਿ ਵਚ ਲੁਕੀ ਜੋਤਿ, ਪ੍ਰਗਟ ਹੋ ਜਾਂਦੀ ਹੈ। ਵਰਨਾ, ਗੁਰੂ ਦੀ ਸਹਾਇਤਾ ਤੋਂ ਬਿਨਾ ਛੁਪੀ ਜੋਤਿ ਦਾ ਪ੍ਰਗਟ ਹ ਲੋਂ ਹੀ ਅਸੰਭਵ ਹੈ :—

ਗੁਰ ਸਾਖੀ ਜੋਤਿ ਪ੍ਰਗਟ ਹੋਇ ॥

ਇਸੇ 'ਸੈਭੰ' ਦੀ ਜੋਤਿ ਨੂੰ ਆਤਮਾ ਕਿਹਾ ਜਾਂਦਾ ਹੈ। 'ਅਤਮਾ' ਦਾ ਅਰਥ ਵੀ ਆਪਣਾ ਆਪ ਹੈ। ਆਤਮਾ' ਮਨੁਖ ਦੀ ਹਰ ਵਿਰਤੀ (ਭਾਵੇਂ ਉਹ ਪਾਪ ਮਈ ਹੈ ਜਾਂ ਪੁੰਨ-ਮਈ) ਵਿਚ ਅਟੁਝ (ਅਸਥਿਤ) ਰਹਿੰਦੀ ਆਤਮਾ ਭੀ 'ਸੈਭੰ' ਹੈ ਉਸ ਤੋਂ ਸਿਵਾ ਹੋਰ ਕੋਈ ਨਹੀਂ ਹੈ।

ਹੁਣ ਜੀਵ ਦੀ ਹਸਤੀ ਦਾ ਵਿਸ਼ਲੇਸ਼ਣ ਕਰਕੇ, ਇਸ ਨੂੰ ਭਲੀ ਭਾਂਤ ਜਾਨਣ ਦਾ ਯਤਨ ਕਰਦੇ ਹ ਇਨਸਾਨੀ ਹਸਤੀ ਦੇ ਤਿੰਨ ਭਾਗ ਹਨ :—

1. ਦੇਹ ਜਾਂ ਸਰੀਰ। 2. ਮਨ ਜਾਂ ਹਿਰਦਾ। 3. ਆਤਮਾ ਜਾਂ ਸੈਭੰ।

ਦੇਹ ਜਾਂ ਸਰੀਰ :— ਪੰਚ ਭੂਤ (ਪੰਜ ਤੱਤ) ਦਾ ਸੁਮੇਲ ਹੈ ਜੋ ਜੜ੍ਹ ਹੈ।

ਮਨ ਜਾਂ ਹਿਰਦਾ :— ਜੀਵ ਦੇ ਸੰਸਕਾਰਾਂ ਦਾ ਸੁਮੇਲ ਹੈ ਜੋ ਅਹੰ ਭਾਵ ਨੇ ਅਗਿਆਨ ਵਿਚ ਪ
ਕੀਤੇ ਹਨ।

ਆਤਮਾ ਜਾਂ ਸੈਭੰ :— ੧ੴ ਦਾ ਹੀ ਸਰੂਪ ਹੈ ਜੋ ਸਦਾ ਸਤਿ ਹੈ। ਗੁਰੂ ਨਾਨਕ ਦੇਵ ਜੀ ਨੇ ਸਿ
ਸਤਿ (ਸਚ) ਨੂੰ ਜਾਨਣ ਦੀ ਵਿਧੀ 'ਆਸਾ ਦੀ ਵਾਰ' ਵਿਚ ਇਸ ਪ੍ਰਕਾਰ ਦਸੀ ਹੈ :—

ਸਚ ਤਾਂ ਪਰ ਜਾਣੀਐ, ਜਾਂ ਆਤਮ ਤੀਰਥ ਕਰੇ ਨਿਵਾਸ ॥
ਸਤਿਗੁਰੂ ਨੂੰ ਪੁਛ ਕੈ, ਬਹਿ ਰਹੇ ਕਰੇ ਨਿਵਾਸ ॥

ਇਸੇ 'ਸੈਭੰ' ਸਚ ਨੂੰ ਆਪ 'ਜਪੁਜੀ' ਵਿਚ ਇਸ ਪ੍ਰਕਾਰ ਭੀ ਨਿਰੂਪਨ ਕਰਦੇ ਆਖਦੇ ਹਨ :—

ਤੀਰਥ ਤਪ ਦਇਆ ਦਤ ਦਾਨੁ ॥
ਜੇ ਕੋ ਪਾਵੈ ਤਿਲ ਕਾ ਮਾਨੁ ॥
ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਿ ਗਤਿ ਤੀਰਥਿ ਮਲਿ ਨਾਉ ॥

ਜਿਸ ਨੂੰ 'ਆਸਾ ਦੀ ਵਾਰ' ਵਿਚ "ਆਤਮ-ਤੀਰਥ" ਕਿਹਾ ਹੈ ਉਸ ਨੂੰ 'ਜਪੁਜੀ' ਵਿਚ "ਅੰਤਰ ਗ
ਤੀਰਥ" ਆਖਿਆ ਹੈ। ਜਦੋਂ ਜਗਿਆਸੂ (ਸੈਭੰ ਦਾ ਤਲਬਗਾਰ) ਇਸ 'ਸੈਭੰ' ਆਤਮਾ ਦਾ ਅਪਰੋਕਸ਼ ਗਿਆ
(ਅਮਲੀ ਰੂਪ ਵਿਚ ਯਥਾਰਥ ਗਿਆਨ) ਪ੍ਰਾਪਤ ਕਰ ਲੈਂਦਾ ਹੈ ਤਾਂ ਫਿਰ ਉਸ ਦੀ ਬਾਹਰ ਦੀ ਭਾਲ ਖਤਮ ਹੋ ਜਾਂ
ਹੈ ਅਤੇ ਉਸਦੀ ਬਿਰਤੀ ਵੀ ਅੰਤਰ-ਮੁਖਤਾ ਵਾਲੀ ਹੋ ਜਾਂਦੀ ਹੈ ਕਿਉਂ ਜੋ ਉਸ ਨੂੰ ਲਭਣ ਯੋਗ ਸ਼ੈ ਆਪਣੇ ਹਿਰ
ਵਿਚੋਂ ਹੀ ਲਭ ਪਈ ਹੈ :—

ਬਾਹਰ ਢੂੰਡਣ ਤੇ ਛੂਟ ਪਰੇ, ਗੁਰ ਘਰ ਹੀ ਮਾਹਿ ਦਿਖਾਇਆ ਥਾ ॥

ਇਹ 'ਆਤਮ-ਗਿਆਨ' ਜਿਨ੍ਹਾਂ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੋ ਗਿਆ ਹੈ ਉਨ੍ਹਾਂ ਆਤਮ ਰਸੀਏ ਗੁਰਮੁ
ਸਤਿਗੁਰਾਂ ਅਤੇ ਪ੍ਰਮਾਤਮਾ ਵਿਚ ਕੋਈ ਭੇਦ ਭਾਵ ਨਹੀਂ ਹੁੰਦਾ। ਉਹ ਬ੍ਰਹਮ ਗਿਆਨ ਪਾ ਕੇ, ਬ੍ਰਹਮ ਗਿਆਨੀ
ਗਏ ਹੁੰਦੇ ਹਨ। ਬ੍ਰਹਮ ਗਿਆਨ ਤੇ ਜਾ ਕੇ ਤ੍ਰਿਕੁਟੀ ਛੁਟ ਜਾਂਦੀ ਹੈ।

ਇਥੇ "ਗਯਾਤਾ ਗਯਾਨ ਗੇਯ"

ਜਾਂ "ਧਯਾਤਾ ਧਯਾਨ ਧੇਯ"

ਵਾਲੀ ਕੋਈ ਸਮਸਿਆ ਨਹੀਂ ਰਹਿ ਜਾਂਦੀ, ਫਿਰ ਤਾਂ ਆਤਮਾ ਪਰਮ ਆਤਮਾ ਵਿਚ ਲੀਨ ਹੋ ਜਾਂਦੀ ਹੈ :—

ਜੋਤੀ ਅੰਦਰਿ ਜੋਤਿ ਸਮਾਨੀ ਆਪ ਪਛਾਤਾ ਆਪੇ ॥

ਦਾ ਰੂਪ ਹੋ ਗਿਆ ਹੁੰਦਾ ਹੈ, ਉਹ ਤਾਂ ਅਠੇ ਪਹਿਰ ਇਹੀ ਆਖਦੇ ਹਨ :—

ਕਿਸ ਨੂੰ ਕਹੀਐ ਨਾਨਕਾ, ਸਭੁ ਕਿਛ ਆਪੇ ਆਪੁ ॥

ਅਗਿਆਨੀਆਂ ਨੂੰ 'ਸਭੁ ਕਿਛ ਆਪੇ ਆਪੁ' ਦੀ ਸਮਝ ਆ ਨਹੀਂ ਸਕਦੀ, ਉਹਨਾਂ ਨੂੰ ਕਹਿਣਾ ਹੀ ਕ
ਹੋਇਆ ? ਗਿਆਨੀ ਆਪਣੇ ਆਪ ਦੀ ਪਛਾਣ ਕਰਕੇ ਆਪੇ ਦੇ ਰਸ ਵਿਚ ਗੜੂੰਦ ਪਹਿਲਾਂ ਹੀ ਇਹੋ ਕੁਝ ਆ
ਰਹੇ ਹਨ। ਹੁਣ ਇਹ ਗੋਝ ਕਹੀਐ ਤਾਂ ਕਿਸ ਨੂੰ ਕਹੀਏ ?

ਦਸਮ ਪਾਤਸ਼ਾਹ ਦਾ ਫੁਰਮਾਨ ਇਨ੍ਹਾਂ ਗੁਰਮੁਖ ਗਿਆਨੀਆਂ ਨੂੰ ਹੀ "ਖਾਲਸਾ" ਰੂਪ ਦੇ, ਇਹ
ਜਣਾਉਂਣਾ ਹੈ ਕਿ :—

ਆਤਮ ਰਸ ਜਿਹ ਜਾਨਿਆ ਸੋਈ ਖਾਲਸਾ ਦੇਵ ॥
ਪ੍ਰਭ ਮੈ, ਮੋਹਿ ਮੈ, ਭਾਸ ਮੈ, ਰੰਚਕ ਨਾਹੀ ਭੇਵ ॥

ਬ੍ਰਹਮ ਗਿਆਨੀ ਹੀ 'ਖਾਲਸਾ' ਹੈ, ਕੋਈ ਹੋਰ ਨਹੀਂ। ਅਜੇਹਾ "ਖਾਲਸਾ" ਪੂਜਾ ਦੇ ਯੋਗ ਹੈ। ਇਥੇ ਪੂਜ ਕੇ ਗੁਰੂ ਚੇਲੇ ਦੀ ਸੰਧਿ ਮਿਲ ਜਾਂਦੀ ਹੈ :—

ਗੁਰ ਚੇਲੇ ਕੀ ਸੰਧਿ ਮਿਲਾਈ ॥

ਇਹੀ ਆਤਮਾ ਤੇ ਪਰਮਾਤਮਾ ਦੀ ਸੰਧਿ ਮਿਲਾਉਣਾ ਹੈ। ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ 'ਆਸਾ ਦੀ ਵਾਰ' ਵਿਚ ਇਸ ਪ੍ਰਕਾਰ ਬਿਆਨਦੇ ਹਨ :—

ਆਤਮਾ ਸ੍ਰੀ ਵਾਸ ਦੇਵਸ, ਜੇ ਕੋ ਜਾਣੈ ਭੇਉ ॥
ਨਾਨਕ ਤਾਕਾ ਦਾਸ ਹੈ, ਸੋਈ ਨਿਰੰਜਨ ਦੇਉ ॥

ਅਰਥਾਤ ਆਤਮਾ (ਸੈਭੰ) ਹੀ ਪਰਮਾਤਮਾ ਹੈ ਜੋ ਕੋਈ ਇਸ ਭੇਦ ਨੂੰ ਜਾਣ ਗਿਆ ਹੈ ਨਾਨਕ ਉਸ ਦਾ ਦਾਸ ਹੈ, ਅਤੇ ਮੇਰੇ ਲਈ ਉਹੀ ਗਿਆਨੀ ਨਿਰੰਜਨ (ਮਾਇਆ ਤੋਂ ਨਿਰਲੇਪ ਸੈਭੰ) ਦੇਵ ਹੈ।

ਜਗਿਆਸੂ ਨੂੰ ਪਹਿਲਾਂ 'ਸੈਭੰ' ਦਾ ਗਿਆਨ ਹੋਣਾ ਹੈ। ਫੇਰ ਜਦ ਵਾਹਿਗੁਰੂ ਨੇ ਆਪਣੀ ਕ੍ਰਿਪਾ ਦੁਆਰਾ ਭੁਲੇਖੇ ਦੀ ਗੰਢ ਖੋਲ੍ਹ ਦਿਤੀ ਤਾਂ ਉਸ ਦਾ ਭਰਮ, ਭੁਲੇਖਾ ਉਡਪੁਡ ਜਾਵੇਗਾ ਅਤੇ ਉਹ ਆਖ ਉਠੇਗਾ :—

ਅੰਤਰਿ ਵਸੈ ਬਾਹਰਿ ਭੀ ਓਹੀ ॥
ਕਲਾ ਧਾਰ ਜਿਨਿ ਸਗਲੀ ਮੋਹੀ ॥

ਭੁਲੇਖੇ ਦੀ ਗੰਢ ਕੀ ਹੈ ? ਝੂਠਾ ਹੰਕਾਰ ਜੋ ਉੱਚੀ ਕੁਲ, ਰਾਜ ਭਾਗ, ਦੌਲਤ, ਵਿਦਿਆ, ਰੂਪ ਆਦਿ ਸੰਸਕਾਰਾਂ ਕਰ ਕੇ, ਮੋਟੇ ਤੋਂ ਮੋਟਾ ਹੁੰਦਾ ਜਾ ਰਿਹਾ ਹੈ। ਝੂਠਾ ਹੰਕਾਰ ਦੂਈ ਦੀ ਜੜ੍ਹ ਹੈ ਜਿਥੇ ਦਵੈਤ ਹੈ ਉਥੇ "ਸੈਭੰ" ਦਾ ਗਿਆਨ ਕਿਥੇ ?

ਜਿਸ ਦੀ ਵਿਰਤੀ 'ਸਭ ਕਿਛ ਆਪੇ ਆਪ' ਵੇਖਦੀ ਹੈ ਉਹ ਕਹਿ ਸਕਦਾ ਹੈ ਕਿ :—

ਸਭੁ ਗੋਬਿੰਦ ਹੈ ਸਭੁ ਗੋਬਿੰਦ ਹੈ ਗੋਬਿੰਦ ਬਿਨ ਨਹੀਂ ਕੋਈ ॥

ਜੋ ਅੰਦਰੋਂ ਇਹ ਜਾਣ ਗਿਆ ਹੈ ਉਸ ਦਾ ਅਮਲ ਵੀ ਦਵੈਤ ਭਾਵਨਾ ਵਾਲਾ ਨਹੀਂ ਹੋਵੇਗਾ। ਅਜੇਹਾ ਗਿਆਨਵਾਨ ਹੀ ਵੇਦ ਦਾ ਹੱਕਦਾਰ ਹੈ :—

"ਤਤ ਤ੍ਵਮਅਸੀ"

ਇਥੇ ਜੀਵ ਅਤੇ ਬ੍ਰਹਮ ਦੀ ਅਭੇਦਤਾਈ ਹੈ ਤਾਂ ਫਿਰ 'ਸੈਭੰ' (ਆਤਮਾ) ਹੀ ੧ ਓ ਪ੍ਰਤੱਖ ਦ੍ਰਿਸ਼ਟੀ ਗੋਚਰ ਹੋ ਆਉਂਦਾ ਹੈ। ਸਤਿਨਾਮ ਸ੍ਰੀ ਵਾਹਿਗੁਰੂ ॥

❖❖

## ਗੁਰਦਵਾਰਾ ਗੁਰੂ ਤੇਗ਼ ਬਹਾਦਰ ਫ਼ੀਲਡ ਗੰਜ ਲੁਧਿਆਣਾ ਵਿਖੇ ਹਫ਼ਤਾ ਭਰ ਗੁਰਮਤਿ ਪਰਚਾਰ

1 ਫ਼ਰਵਰੀ ਤੋਂ 8 ਫ਼ਰਵਰੀ ਤੱਕ ਗੁਰਦਵਾਰਾ ਸ੍ਰੀ ਗੁਰੂ ਤੇਗ਼ਬਹਾਦਰ ਲੁਧਿਆਣਾ ਵਿਚ ਹਰ ਰੋਜ਼ ਰਾਤ ਨੂੰ ਧਾਰਮਿਕ ਦੀਵਾਨ ਗੁਰ ਗੱਦੀ ਊਨਾ ਸਾਹਿਬ ਵਲੋਂ ਸਜਦੇ ਰਹੇ ਹਨ, ਜਿਨ੍ਹਾਂ ਵਿਚ ਬਾਬਾ ਮਧਸੂਦਨ ਸਿੰਘ ਜੀ ਗੱਦੀ ਨਸ਼ੀਨ ਤੋਂ ਬਿਨਾ ਭਾਈ ਸਾਹਿਬ ਹਰਬੰਸ ਸਿੰਘ ਜੀ ਦਾ ਰਾਗੀ ਜੱਥਾ, ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲੇ ਅਤੇ ਪ੍ਰਿੰ: ਸੇਵਾ ਸਿੰਘ 'ਮਾਨ' ਐਡੀਟਰ 'ਅਜੂਨੀ' ਭੀ ਭਾਗ ਲੈ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਹਨ। ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਦਰਸ਼ਨ ਦੇਂਦੀਆਂ ਸਨ।

# ਕਾਫ਼ੀ

(ਸ: ਗੁਰਦੇਵ ਸਿੰਘ ਜੀ ਮਾਨ)

ਓਹਨੂੰ ਯਾਰ ਬਣਾਇਆ ਕੱਲ ਕੁੜੇ।
ਸੱਭ ਮਸਲੇ ਹੋ ਗਏ ਹੱਲ ਕੁੜੇ।

ਮੈਂ ਸ਼ਬਦ ਗੁਰੂ ਦਾ ਚੇਲਾ ਨੀ।
ਹੋਇਆ ਓਥੋਂ ਵੀ ਹੁਣ ਵਿਹਲਾ ਨੀ।
ਕੀ ਕੁਦਰਤ ? ਤੇ ਕੀ ਕਾਦਰ ਹੈ ?
ਕੀਹਦਾ ਹੁਕਮ ? ਕੀਹਦੇ ਤੇ ਸਾਦਰ ਹੈ ?
ਵੱਖ 'ਅੱਲਾ' ਤੋਂ ਨ 'ਓਮ' ਰਿਹਾ।
ਕੋਈ ਅਵਲ ਤੇ ਨ ਕੋਈ ਦੋਮ ਰਿਹਾ।
ਗਈ ਲਹਿਰ ਸਮੁੰਦਰ ਰੱਲ ਕੁੜੇ।
ਓਹਨੂੰ ਯਾਰ ਬਣਾਇਆ............।

ਮੈਨੂੰ 'ਮੈਂ' ਚੋਂ 'ਮੈਂ' ਨ ਲਭਦੀ ਨੀ।
ਥਕੀ ਜਿੰਦ ਹਰ ਪਾਸੇ ਭਜਦੀ ਨੀ।
ਹੁਣ ਅਪਣਾ ਆਪ ਵੀ ਤੂੰ ਦਿਸਦਾ।
ਜਿਵੇਂ ਅਗਨੀ ਦੇ ਵਿਚ ਧੂੰ ਦਿਸਦਾ।
ਜਦੋਂ ਇਸ 'ਤੂੰ' ਨੂੰ, 'ਮੈਂ' ਆਖਾਂ ਨੀ।
ਜੱਗ ਹਸੇ ਕਰੇ ਮਜ਼ਾਖ਼ਾਂ ਨੀ।
ਹੋ ਇਸ਼ਕ ਨਿਬੜਿਆ ਝੱਲ ਕੁੜੇ।
ਓਹਨੂੰ ਯਾਰ............।

ਅਸੀਂ ਸੁਟੀਆਂ, ਸਾੜ ਕਿਤਾਬਾਂ ਨੀ।
ਉਹ ਆਏ ਨ ਵਿਚ ਹਿਸਾਬਾਂ ਨੀ।
ਅਣਗਿਣਤ ਦੀ ਗਿਣਤੀ ਕੌਣ ਕਰੇ।
ਅਣ ਮਿਣਤ ਦੀ ਮਿਣਤੀ ਕੌਣ ਕਰੇ ?
ਓਹਦੀ ਦੂਰੀ ਲੱਭ ਕੇ ਕੀ ਲੈਣੈ ?
ਅਸੀਂ ਨੇੜਿਉਂ ਹੀ ਘੁਟ ਪੀ ਲੈਣੈ।
ਅਸੀਂ ਲਈ ਭਟਕਣਾ ਠੱਲ੍ਹ ਕੁੜੇ।
ਓਹਨੂੰ ਯਾਰ............।

ਹਰ ਪਾਸਿਓਂ ਬੂਹੇ ਖੁਲ੍ਹ ਗਏ।
ਸਾਨੂੰ ਦਸੇ ਦੁਆਰੇ ਭੁਲ ਗਏ।
ਉਹ ਕਣ ਕਣ ਵਿਚੋਂ ਦ੍ਰਿਸ ਆਇਆ।
ਉਹ ਚਾਨਣ ਨ੍ਹੇਰ ਚੋਂ ਮੁਸਕਾਇਆ।
ਸਾਡੇ ਲੂੰ ਲੂੰ ਛਿੜਿਆ ਕਾਂਬਾ ਨੀ।
ਇਸ ਕਾਂਬੇ ਨੂੰ ਨਿਤ ਸਾਂਭਾਂ ਨੀ।
ਕੋਈ ਬਾਹਰ ਨ ਡੁਲ੍ਹੇ ਛਲ ਕੁੜੇ।
ਉਹਨੂੰ ਯਾਰ............।

ਸਾਡਾ ਇਸ਼ਕ ਉਤ੍ਹਾਂ ਤੱਕ ਹੋ ਆਇਆ।
ਕਿਤੇ ਡੂੰਘੀ ਅਕਲ ਡਬੋ ਆਇਆ।
ਹੁਣ ਹੌਲਾ ਹੌਲਾ ਆਪਾ ਨੀ।
ਗਲੋਂ ਲਹਿ ਗਿਆ ਕੁਲ ਸਿਆਪਾ ਨੀ।
ਜਦੋਂ 'ਮਾਨ' ਨੂੰ ਉਲਟਾ ਲਟਕਾਇਆ।
ਸਾਨੂੰ 'ਨਾਮ' ਹੀ 'ਨਾਮ' ਨਜ਼ਰ ਆਇਆ।
ਹੁਣ ਹੋਰ ਨ ਹੋਂਦੀ ਗੱਲ ਕੁੜੇ।
ਉਹਨੂੰ ਯਾਰ ਬਣਾਇਆ ਕਲ ਕੁੜੇ ।

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਪ੍ਰਕਾਸ਼-ਉਤਸਵ

# ਵਾਰਸਿਕ ਸਮਾਗਮ ਊਨਾ ਸਾਹਿਬ

26 ਤੋਂ 28 ਮਾਰਚ ਤੱਕ ਊਨਾ ਸਾਹਿਬ ਜ਼ਿਲਾ ਕਾਂਗੜਾ ਵਿਚ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇ ਦੇ ਪ੍ਰਕਾਸ਼ ਉਤਸਵ ਦੀ ਖੁਸ਼ੀ ਵਿਚ ਵਡਾ ਭਾਰੀ ਵਾਰਸਕ ਸਮਾਗਮ ਹੋਵੇਗਾ। ਇਸ ਖੁਸ਼ੀ ਦੇ ਸਮੇਂ 101 ਅਖੰ ਪਾਠਾਂ ਦਾ ਭੋਗ ਪਾਇਆ ਜਾਵੇਗਾ ਅਤੇ ਅਪਾਹਜ ਬੱਚਿਆਂ ਲਈ 50 ਬਿਸਤਰਿਆਂ ਦੇ ਹਸਪਤਾਲ ਦਾ ਉਦਘਾਟ ਕੀਤਾ ਜਾਵੇਗਾ।

**ਪਰੋਗਰਾਮ :—**

26 ਮਾਰਚ ਨੂੰ 50 ਅਖੰਡ ਪਾਠਾਂ ਦਾ ਅਰੰਭ ਕਰਕੇ, ਅਪਾਹਜ ਬੱਚਿਆਂ ਦੇ ਹਸਪਤਾਲ ਦਾ ਉਦਘਾਟ ਕੀਤਾ ਜਾਵੇਗਾ।

27 ਮਾਰਚ ਨੂੰ 51 ਅਖੰਡ ਪਾਠਾਂ ਦਾ ਅਰੰਭ ਕਰਕੇ, ਇਕ ਵਡਾ ਭਾਰੀ ਜਲੂਸ ਨਿਕਲੇਗਾ ਜਿਸ ਦੀ ਸ਼ਾ ਅਲੌਕਿਕ ਹੋਵੇਗੀ।

26, 27, 28 ਮਾਰਚ ਨੂੰ ਧਾਰਮਿਕ ਦੀਵਾਨ ਸਜਣਗੇ ਜਿਨ੍ਹਾਂ ਵਿਚ ਦੂਰੋਂ 2 ਉਘੇ ਮਹਾਂਪੁਰਖ, ਸੰਤ ਮਹਾਤਮਾ ਰਾਗੀ ਢਾਡੀ, ਗੁਣੀ ਗਿਆਨੀ ਅਤੇ ਪ੍ਰਚਾਰਕ ਭਾਗ ਲੈਣਗੇ।

28 ਮਾਰਚ ਨੂੰ ਅਖੰਡ ਪਾਠਾਂ ਦੇ ਭੋਗ ਉਪਰੰਤ ਦੀਵਾਨ ਸਜੇਗਾ ਅਤੇ ਰਾਤ ਨੂੰ ਦਰਬਾਰ ਬਾਬਾ ਸਾਹਿਬ ਸਿੰ ਜੀ ਵਿਖੇ ਸ਼ਾਨਦਾਰ ਧਾਰਮਿਕ ਸਮਾਗਮ ਸਜੇਗਾ।

# ਬਾਬਾ ਸਾਹਿਬ ਸਿੰਘ ਦਸਮੇਸ਼ ਰੂਪ

ਕਰਤਾ:—ਸੰਤ ਬੀਰ ਸਿੰਘ ਜੀ ਨਿਰਮਲੇ

**ਸ੍ਰੀ ਬੀਰ ਮ੍ਰਿਗੇਸ਼ ਗੁਰ ਬਿਲਾਸ ਵਿਚ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਬੇਦੀ ਬਾਰੇ ਪੂਰਵਾਰਧ ਪੰਨਾ ੬੦ ਉੱਤੇ ਦਿੱਤਾ ਪ੍ਰਸੰਗ ਅਸਲ ਰੂਪ ਵਿਚ ਦਿੱਤਾ ਜਾਂਦਾ ਹੈ :**

ਦੋਹਿਰਾ

ਸ੍ਰੀ ਗੁਰੂ ਚਰਣ ਪ੍ਰਤਾਪ ਰਵਿ, ਉਦੇ ਤੀਨਹੂ ਲੋਕ ।
ਜਨ ਸਰੋਜ ਬਿਗਸੇ ਨਿਰਖ ਤਨ ਤੁਰਕਨ ਮਨ ਸੋਕ ॥ ੧ ॥

ਚੌਪਈ

ਸ੍ਰੋਤਾ ਸੁਨੋ ਸਕਲ ਮਨ ਲਾਈ ॥ ਸ੍ਰੀ ਗੁਰੁ ਚਰਿਤ ਮਹਾਂ ਸੁਖਦਾਈ ॥
ਸ੍ਰੀ ਦਸਮੇਸ਼ ਮਹਾਂ ਕ੍ਰਿਪਾਲਾ ॥ ਦੀਨ ਬੰਧੁ ਸਰਣ ਪ੍ਰਤਿਪਾਲਾ ॥ ੨ ॥
ਸ੍ਰੀ ਅਨੰਦਪੁਰ ਕੀਨੇ ਪਾਵਨ ॥ ਵਿਚਰਤ ਡਗਰ ਬਜ਼ਾਰ ਸੁਹਾਵਨ ॥
ਨਗਰ ਲੋਕ ਪਿਖ ਆਨੰਦ ਪਾਵੈਂ ॥ ਦਰਸ਼ਨ ਤੇ ਸਭ ਸ਼ੋਕ ਨਸਾਵੈਂ ॥ ੨ ॥
ਸਵਾ ਯਾਮ ਜਬ ਰਜਨੀ ਰਹੈ । ਕਰ ਸਨਾਨ ਗੁਰ ਆਸਨ ਬਹੈ
ਧਯਾਨ ਨਿਸ਼ਠ ਪ੍ਰਭੁ ਰਹੈ ਤਦਾਈ । ਜਾਕੋ ਬੇਦ ਭੇਦ ਨਹਿ ਲਹਈ ॥ ੪ ॥
ਕੋਟਿ ਸਸ ਸਮ ਰੂਪ ਬਿਰਾਜੈ । ਕੋਟਿ ਸੈਨ ਛਬਿ ਲਖ ਉਰ ਲਾਜੈ ॥
ਰਾਗੀ ਰਾਗ ਕਰੈਂ ਤਬ ਆਈ । ਆਸਾ ਵਾਰ ਪਢੈਂ ਚਿਤ ਲਾਈ ॥ ੫ ॥
ਉਦੇਭਾਨ ਬਹੁ ਕਰਹੈ ਦਾਨ । ਸ੍ਰੀ ਅਕਾਲ ਕਾ ਧਰਉ ਧਿਆਨ
ਬਦੀ ਵੰਸਜ ਕੋ ਚਲ ਆਵੈ ॥ ਕਰ ਆਦਰ ਗੁਰ ਨਿਕਟ ਬਿਠਾਵੈ ॥ ੬ ॥
ਦੇ ਅਕੋਰ ਗੁਰ ਬਿਦਾ ਕਰਾਵੈ । ਗੁਰ ਨਾਨਕ ਕੀ ਖੁਸ਼ੀ ਅਲਾਵੈ ॥ ੭ ॥
ਏਕ ਸਮੇਂ ਕੀ ਬਾਤ ਸੁਨਾਊਂ । ਸ੍ਰੋਤਨ ਮਨ ਸੰਦੇਹ ਮਿਟਾਊਂ
ਜਬ ਅਖੇਰ ਕੋ ਸਤਗੁਰ ਜਾਵੈ । ਸਿੰਘ ਰੋਝ ਬਨੇਕ ਚੁਨ ਘਾਵੈ ॥ ੮ ॥
ਦੂਣ ਵਿਖੇ ਇਮ ਖਿਲਤ ਸਿਕਾਰੂ । ਜਿਹ ਮਾਰੇ ਤਿਹ ਭਵ ਤੇ ਪਾਰੂ ॥
ਬਹੁਤ ਕਾਲ ਇਹ ਭਾਂਤ ਬਤਾਯੋ । ਦੁਸ਼ਟਨ ਕੋ ਜਰ ਮੂਰ ਉਠਾਯੋ ॥ ੯ ॥
ਊਨਾ ਸਾਹਿਬ ਨਗਰ ਮਝਾਰੀ । ਬੇਦਨ ਕੁਲ ਤਹ ਬਸਤ ਅਪਾਰੀ ।
ਬਾਬਾ ਸਾਹਿਬ ਜੀ ਕਲਾਧਾਰੀ । ਨਾਮ ਦਾਨ ਦੇ ਸੰਗਤ ਤਾਰੀ ॥ ੧੦ ॥

ਸੋ ਬਾਬਾ ਕਲਾਧਾਰੀ ਜੀ ਆਪ ਸਮ, ਦਮ ਆਦਿਕ ਦੈਵੀ ਸੰਪਤੀ ਕੇ ਅਗਾਰ ਹੋਤੇ ਭਏ ਹੈਂ । ਕਾਮ ਕ੍ਰੋਧਾਦਿਕ ਆਸੁਰੀ ਸੰਪਤੀ ਕੇ ਜੀਤਨੇਹਾਰੇ ਮਹਾਂ ਧੀਰਯਵਾਨ ਤਤਵੇਤਾ ਗਯਾਨਵਾਨ, ਦੁਖਿਯੋਂ ਪਰ ਦਯਾ ਕਰਣੇ ਹਾਰੇ, ਦੀਨ ਬੰਧੁ, ਸੁਖੀ ਜਨੋਂ ਕੋ ਦੇਖ ਕਰ ਮੁਦਿਤਾ ਕੇ ਧਾਰਨੇਹਾਰੇ, ਦੁਸ਼ਟੋਂ ਕੀ ਉਪੇਖਯਾ ਕਰਨੇਹਾਰੇ, ਔ ਸੰਤ ਜਨੋਂ ਕੇ ਸਾਥ ਅਤੀਵ ਮੈਤ੍ਰੀ ਰਖਨੇਹਾਰੇ, ਤ੍ਰਿਕਾਲ ਦਰਸ਼ੀ ਹੋਤੇ ਭਏ ।

ਸੋ ਬਾਬਾ ਕਲਾਧਾਰੀ ਜੀ ਕਭੀ ਕਭੀ ਅਨੰਦਪੁਰ ਮੇਂ ਹਜ਼ੂਰ ਕੇ ਦਰਸ਼ਨ ਕੋ ਜਾਵੈਂ । ਆਗੇ ਤੇ ਬਾਬੇ ਕਲਾਧਾਰੀ

ਜੀ ਕਾ ਦਰਸ਼ਨ ਕਰਤੇ ਹੀ ਸਾਹਿਬ ਦਸਮੇਸ਼ ਜੀ ਅਪਨੇ ਸਿੰਘਾਸਨ ਸੇ ਉਠਕੇ ਬਾਬ ਕਲਾਧਾਰੀ ਜੀ ਕੋ ਪ੍ਰਣਾਮ ਕਰੈਂ ਔਰ ਅਤਿਆਦਰ ਸਹਿਤ ਆਪਣੇ ਹਸਤਕਮਲ ਸੇ ਬਾਬੇ ਜੀ ਕਾ ਹਾਥ ਗ੍ਰਹਨ ਕਰਕੇ ਆਪਨੇ ਪਾਸ ਸਿੰਘਾਸਨ ਪਰ ਬੈਠਾਇ ਲੇਵੈਂ। ਬਾਬਾ ਕਲਾਧਾਰੀ ਜੀ ਬੜੇ ਮਰਯਾਦਾ ਪੁਰਖੋਤਮ ਥੇ, ਸਾਹਿਬ ਕੇ ਸਿੰਘਾਸਨ ਪਰ ਬਰਾਬਰ ਬੈਠਾਨੇ ਸੇ ਚਿਤ ਮੇਂ ਸੰਕੋਚ ਭੀ ਕਰੇਂ। ਤਥਾਪੀ ਸ੍ਰੀ ਗੁਰੂ ਗੋਬਿੰਦ ਸਿੰਘ ਸ੍ਰੀ ਗੁਰੂ ਨਾਨਕ ਸਾਹਿਬ ਜੀ ਕਾ ਬੇਦੀ ਮਾਤਰ ਕੋ ਸਰੂਪ ਜਾਨ ਕੇ, ਬਹੁਤ ਹੀ ਮਾਨ ਆਦਿਰ ਰਖੈਂ। ਪਾਸ ਹੀ ਅਪਨੇ ਬਰਾਬਰ ਸਿੰਘਾਸਨ ਪਰ ਬਿਠਾਇ ਲੇਵੈਂ। ਬੇਦੀ ਮਾਤ੍ਰ ਕੋ ਪੁਨ: ਬਾਬਾ ਕਲਾਧਾਰੀ ਜੀ ਤੋ ਪਰਮ ਯੋਗ ਹੀ ਥੇ, ਇਨ ਕੋ ਹਜ਼ੂਰ ਅਪਨੇ ਬਰਾਬਰ ਕਿਉਂ ਨ ਬੈਠਾਵੈਂ ?

ਸ੍ਰੀ ਦਸਮੇਸ਼ ਜੀ ਮ੍ਰਿਜਾਦਾ ਪੁਰਖੋਤਮ ਬਾਬੇ ਕਲਾਧਾਰੀ ਜੀ ਕਾ ਬਡਾ ਅਦਬ ਰਖਤੇ ਥੇ। ਦੋ ਦਿਨ ਚਾਰ ਦਿਨ ਜਿਤਨਾ ਚਿਰ ਬਾਬਾ ਕਲਾਧਾਰੀ ਜੀ ਸਾਹਿਬ ਕੇ ਹਜ਼ੂਰ ਰਹੈਂ ਜਬ ਇਛਾ ਹੋਵੈ ਤਬ ਬਿਦਾ ਮਾਂਗ ਕਰ ਪੁਨ: ਊਨੇ ਕੋ ਚਲੇ ਆਵੈਂ, ਚਲਤੀ ਵਾਰ ਹਜ਼ੂਰ ਦਸਮੇਂ ਪਾਤਸ਼ਾਹ ਜੀ ਬਾਬੇ ਕਲਾਧਾਰੀ ਜੀ ਕੋ ਏਕ ਅਛਾ ਅਸ਼੍ਵ ਬਡੇ ਮੋਲਵਾਲਾ ਏਕ ਦੁਸ਼ਾਲਾ ਔਰ ਪਾਂਚ ਸੈ 500 ਰੁਪਯਾ ਭੇਟਾ ਦੇ ਕੇ ਬਡੇ ਆਦਰ ਸੇ ਬਿਦਾ ਕਰਤੇ ਥੇ। ਪੁਨ: ਭੀ ਹਜ਼ੂਰ ਬਾਬੇ ਕਲਾ ਧਾਰੀ ਜੀ ਸੇ ਨਿਮ੍ਰਤਾ ਪੂਰਬਕ ਕਹਿਤੇ ਥੇ ਕਿ ਸਾਹਿਬ ਜੀ ਜਲਦੀ ੨ ਦਰਸ਼ਨ ਦੇ ਕੇ ਸਾਨੂੰ ਨਿਹਾਲ ਕੀਆ ਕਰੋ। ਹਮ ਆਪ ਸੇ ਅਲਗ ਹੂਆ ਨਹੀਂ ਚਾਹਤੇ। ਆਪ ਕੇ ਚਰਨੋਂ ਕਾ ਵਿਯੋਗ ਭਾਰ ਬਹੁਤ ਕਾਲ ਪ੍ਰਯੰਤ ਨਹੀਂ ਸਹਿ ਸਕਤੇ ਹੈਂ। ਆਗੇ ਆਪ ਮਾਲਕ ਹੈਂ।

— — —

ਜਬ ਔਰ ਭੀ ਕੋਈ ਬੇਦੀ ਸਾਹਿਬਜ਼ਾਦਾ ਆ ਜਾਵੈ ਤਬ ਭੀ ਐਸੇ ਹੀ ਆਦਰ ਕਰਕੇ ਅਪਨੇ ਪ੍ਰਯੰਕ ਪਰ ਬੈਠਾਇ ਲੇਤੇ ਥੇ। ਔ ਜਿਤਨੇ ਭੀ ਬੇਦੀ ਸਾਹਿਬਜ਼ਾਦੇ ਹੋਵੈਂ ਸਭ ਕੋ ਏਕ ਏਕ ਘੋੜਾ ਦੁਸ਼ਾਲਾ ਪਾਂਚ ਪਾਂਚ ਸੈ ਰੁਪਯਾ ਦੇ ਕੇ ਬਿਦਾ ਕੀਆ ਕਰਤੇ ਥੇ।

ਜਬ ਬਹੁਤ ਕਾਲ ਇਸੀ ਰੀਤੀ ਸੇ ਵਿਤੀਤ ਹੂਆ ਤਬ ਏਕ ਭੇਖੀ ਸੁਨਯਾਰਾ ਪ੍ਰਥਮ ਬੇਦੀ ਸਾਹਿਬਜ਼ਾਦਯੋਂ ਕੇ ਪਾਸ ਬਾਲਕ ਅਵਸਥਾ ਸੇ ਹੀ ਰਹਿਤਾ ਥਾ। ਸੇਵਾ ਕਰਤਾ ਥਾ ਜਲ ਆਦਿਕ ਕੀ, ਅੰਨ, ਬਸਤ੍ਰ ਸਾਹਿਬਜ਼ਾਦਯੋਂ ਸੇ ਲੇ ਕੇ ਅਪਨੇ ਸ਼ਰੀਰ ਕੀ ਪਾਲਨਾ ਕਰਤਾ ਥਾ। ਜਬ ਯੁਬਾ ਅਵਸਥਾ ਕੋ ਪ੍ਰਾਪਤ ਹੂਆ ਕੁਛ ਕੁਛ ਸਮਝ ਪਰਨੇ ਲਾਗੀ। ਜਗਤ ਮੇਂ ਬੇਦੀ ਸਾਹਿਬਜ਼ਾਦਯੋਂ ਕੀ ਬਹੁਤ ਸੀ ਪੂਜਾ ਪ੍ਰਤਿਸ਼ਟਾ ਵੇਖ ਕੇ ਸਹਾਰ ਨਾ ਸਕੇ, ਈਰਖਾ ਕਰਕੇ ਜਲਤਾ ਰਹੇ। ਉਤੇ ਸ੍ਵਾਸ ਲੈ ਕੇ ਕਹੇ 'ਹੇ ਪਰਮੇਸ਼੍ਵਰ ਜੀ ! ਬੇਦੀ ਸਾਹਿਬ ਜ਼ਾਦਯੋਂ ਕੇ ਘਰ ਮੇਂ ਮੁਝ ਕੋ ਭੀ ਜਨਮ ਕਿਉਂ ਨਾ ਦੀਆ ਮੈਂ ਭੀ ਇਸੀ ਪ੍ਰਕਾਰ ਸੇ ਅਪਨੀ ਪੂਜਾ ਕਰਾਤਾ।

— — —

ਸੋ ਤਿਸ ਸੁਨਯਾਰੇ ਨੇ ਸੇਹਲੀ ਪਹਰ ਕੇ ਸਾਹਿਬਜ਼ਾਦਯੋਂ ਕੋ ਭੇਖ ਬਨਾਇ ਕੇ ਸਿਖੋਂ ਸੇ ਪੂਜਾਵਨੇ ਲਾਗਾ। ਤਿਸ ਆਏ ਕੇ ਬੜਾ ਦ੍ਰਬਯ ਇਕੱਤ੍ਰ ਹੋ ਜਾਤਾ ਭਯਾ। ਧਨ ਕੇ ਮਦ ਮੇਂ ਔ ਭੇਖ ਕੇ ਮਦ ਸੇ ਪ੍ਰਮਾਦੀ ਹੂਆ ਹੂਆ ਮਦਪਾਨ ਔ ਬੇਸਯਾ ਗਮਨ ਆਦਿਕ ਅਪਕਰਮ ਕਰਨੇ ਲਾਗਾ। ਬੜਾ ਲਾਬਾਰ, ਵਾਚਾਲ, ਅਹੰਕਾਰੀ ਹੋ ਕੇ ਕਿਸੀ ਕੋ ਭੀ ਨ ਜਾਨਤਾ ਭਯਾ। ਜੈਸੇ ਸਾਹਿਬਜ਼ਾਦੇ ਸਿਖੋਂ ਕੋ ਘੂਰ ਤਾੜਕੇ ਦ੍ਰਬਯ ਲੈ ਲੇਤੇ ਥੇ ਤੈਸੇ ਸੁਨਯਾਰਾ ਭੇਖੀ ਭੀ ਗਰੀਬ ਸਿਖੋਂ ਕੋ ਅਧਿਕ ਪੀੜਤ ਕਰਕੇ, ਦ੍ਰਬਯ ਲੈ ਕੇ ਬੇਸਯਾ ਗਮਨਾਦਿਕ ਅਪਕਰਮ ਕਰਤਾ ਰਹੇ। ਜਬ ਤਿਸ ਕੋ ਐਸੇ ਕਰਤੇ ਕੋ ਬਹੁਤ ਕਾਲ ਵਿਤੀਤ ਹੋ ਗਯਾ ਤਬ ਤਿਸਕੇ ਕਰਮ ਪਰਪਕ ਹੋ ਕੇ ਫਲ ਦੇਨੇ ਕੋ, ਸਨਮੁਖ ਹੂਏ। ਉਨ ਕਰਮੋਂ ਕਾ ਪ੍ਰੇਰਿਆ ਹੂਆ ਕਪਟੀ ਸੁਨਿਆਰਾ ਹਜ਼ੂਰ ਸਾਹਿਬ ਕੇ ਪਾਸ ਆਵਨੇ ਕੀ ਇਛਾ ਕਰਤਾ ਭਯਾ।

ਦੋ ਬੇਦੀ ਸਾਹਿਬਜ਼ਾਦੇ ਔ ਤੀਸਰਾ ਸੁਨਯਾਰਾ। ਸੁਨਯਾਰ ਭੇਖੀ ਕੇ ਮਨ ਮੇ ਆਈ ਕੇ ਜੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਕਾ ਅਵਤਾਰ ਹੋਵੈਗੇ ਸਾਹਿਬ, ਤੋ ਮੇਰੇ ਕਪਟ ਕੋ ਅੰਤਰਯਾਮਿਤਾ ਸ਼ਕਤੀ ਸੇ ਜਾਨ ਲੇਵੇਂਗੇ। ਔ ਜੇ ਸ੍ਰੀ ਗੁਰੂ

ਨਾਨਕ ਦੇਵ ਜੀ ਕਾ ਅਵਤਾਰ ਨਹੀਂ ਹੈਂ ਤੋ ਮੇਰੇ ਕਪਟ ਕੇ ਭੇਖ ਕੋ ਨਾ ਜਾਨ ਸਕੇਂਗੇ । ਔ ਸਾਹਿਬਜ਼ਾਦਯੋਂ ਕੇ ਸਮ ਮੇਰੀ ਪੂਜਾ ਕਰ ਦੇਵੈਂਗੇ । ਇਸ ਬਿਚਾਰ ਸੇ ਸਾਹਿਬਜ਼ਾਦਿਓਂ ਕੇ ਸਾਥ ਵੋ ਭੇਖੀ ਸੁਨਯਾਰਾ ਸ੍ਰੀ ਦਸਮੇਸ਼ ਕੇ ਹਜ਼ੂਰ ਆਵਤਾ ਭਯਾ ।

— — —

ਤਬ ਸਾਹਿਬ ਨੇ ਆਦਰ ਕਰਕੇ ਉਨ ਦੋਨੋਂ ਸਾਹਿਬਜ਼ਾਦਿਓਂ ਕੋ ਅਪਨੇ ਪਰਯੰਕ ਪਰ ਬੈਠਾਇ ਲੀਆ । ਤਦ ਅਨੰਤ੍ਰ ਭੇਖੀ ਸੁਨਯਾਰੇ ਭੀ ਚਾਹਯਾ ਕੇ ਮੈਂ ਭੀ ਗੁਰੂ ਜੀ ਕੇ ਪਰਯੰਕ ਪਰ ਬੈਠੂੰ । ਜਬ ਵੋ ਪ੍ਰਯੰਕ ਪਰ ਬੈਠਨੇ ਵਾਸਤੇ ਸਿਰਹਾਨੇ ਕੀ ਓਰ ਹੋਵੇ ਤਬ ਸਾਹਿਬ ਭੀ ਸਰਹਾਨੇ ਕੀ ਓਰ ਹੋ ਜਾਵੈਂ । ਜਬ ਭੇਖੀ ਪਾਂਇਦ ਕੀ ਓਰ ਹੋਵੇ ਤਬ ਸਾਹਿਬ ਭੀ ਪਾਂਇਦ ਕੀ ਓਰ ਹੋ ਜਾਵੈਂ । ਜਬ ਦੋ ਤੀਨ ਵਾਰ ਐਸਾ ਹੀ ਹੂਆ ਤਬ ਵੋ ਕਪਟ ਬੇਸੀ ਸੁਨਯਾਰਾ ਹਾਰਕੇ ਵਿਚਾਰਾ ਮਸਨੰਦ ਪਰ ਹੀ ਬੈਠ ਜਾਤਾ ਭਯਾ ।

ਜਬ ਕਾਰ ਭੇਟ ਦੇਨੇ ਕਾ ਸਮਾਂ ਹੂਆ ਤਬ ਹਜ਼ੂਰ ਨੇ ਤੀਨੋ ਕੋ ਪਾਂਚ 2 ਸੈ ਰੁਪਯਾ ਔ ਏਕ ਏਕ ਦੁਸ਼ਾਲਾ ਤਥਾ ਏਕ ਏਕ ਘੋੜਾ ਦੇ ਕੇ ਭੇਖ ਕੇ ਪ੍ਰਤਾਪ ਸੇ ਕਪਟੀ ਭੇਖੀ ਕੀ ਭੀ ਸਾਹਿਬਜ਼ਾਦਿਆਂ ਕੇ ਸਮ ਪੂਜਾ ਕਰ ਕੇ ਬਿਦਾ **ਕੀਆ** ।

**ਜਬ** ਚਲੇ ਗਏ ਅਪਨੀ ਅਪਨੀ ਬਾਂਛਤ ਦਿਸ਼ਾ ਕੋ ਸਾਹਿਬਜ਼ਾਦੇ ਔ ਸੁਨਯਾਰਾ ਭਿੰਨ ਭਿੰਨ ਤਬ ਸੁਨਯਾਰੇ **ਭੇਖੀ ਕੇ ਮਨ ਮੇ** ਅਤਿ ਅਸ਼੍ਰਧਾ ਉਤਪਤ ਹੋਤੀ ਭਈ । ਤਬ ਕਹਨੇ ਲਾਗਾ ਕੇ ਜੇ ਗੁਰੂ ਨਾਨਕ ਸਾਹਿਬ ਜੀ ਕਾ **ਅਵਤਾਰ ਗੁਰੂ** ਗੋਬਿੰਦ ਸਿੰਘ ਹੋਤਾ ਤਬ ਮੇਰੇ ਕਪਟ ਕੋ ਜਾਨ ਲੇਤਾ । ਨਹੀਂ ਜਾਨਿਆ ਮੇਰੇ ਕਪਟ ਕੋ ਯਾਂ ਤੇ ਗੁਰੂ **ਨਾਨਕ ਸਾਹਿਬ** ਕਾ ਅਵਤਾਰ ਨਹੀਂ ਹੈਂ । ਜੈਸੇ ਮੈਂ ਭੇਖ ਕਪਟ ਕਾ ਸਾਹਿਬਜ਼ਾਦਿਆਂ ਕਾ ਬਨਾਇ ਕੇ ਜਗਤ ਕੋ ਲੂਟ ਲੂਟ ਕੇ ਖਾਤਾ ਹੂੰ ਤੈਸੇ ਯਹ ਭੀ ਕਪਟ ਕੇ ਗੁਰੂ ਬਨਕੇ, ਭੇਖ ਧਾਰ ਕੇ, ਸੰਸਾਰ ਕੋ ਲੂਟ ਲੂਟ ਕੇ ਖਾਤੇ ਹੈਂ । ਅਰ ਗੁਰੂ ਗਰੂ ਕੋਈ ਨਹੀਂ ਹੈ । ਐਵੇਂ ਦਬ ਦਬਾਉ ਹੀ ਬਨਾ ਹੂਆ ਹੈ । ਔ ਜੋ ਇਨ ਕੇ ਪਾਸ ਰਹਨੇ ਵਾਰੇ ਲੋਕ ਹੈਂ ਸੋ ਕੁਸ਼ਾਮਦੀ ਟੁਕੜ ਗੁਦਾਈ ਹੈਂ । ਝੂਠੇ ਹੀ ਅਪਨੇ ਗੁਜ਼ਾਰੇ ਵਾਸਤੇ ਉਡਾਏ ਦੀਓ ਹੈ ਕੇ ਬੜੇ ਕਰਾਮਾਤ ਸਾਹਿਬ ਹੈਂ । ਝੂਠੀਯਾਂ ਹੀ ਕਰਾਮਾਤਾਂ ਕੇ ਨਾਮ ਲੈ ਲੈ ਕੇ ਲੋਕੋਂ ਕੋ ਭਰਮਾਇ ਭਰਮਾਇ ਪ੍ਰੇਰ ਪ੍ਰੇਰ ਲੈ ਆਵਤੇ ਹੈਂ । ਔਰ ਕਰਾਮਾਤਾਂ ਆਜ ਕਲ ਕਹਾਂ ਧਰੀ ਹੈਂ । ਐਸੇ ਐਸੇ ਅਤਿ ਅਸ਼ਰਧਾ ਕੇ ਸੰਕਲਪ ਵਿਕਲਪ ਅਪਨੇ ਮਨ ਮੇ ਕਰਤਾ ਜਾਤਾ ਥਾ ।

ਇਧਰ ਸ੍ਰੀ ਗੁਰੂ ਦਸਮੇਸ਼ ਜੀ ਨੇ ਵਿਚਾਰਯਾ ਅਪਨੇ ਮਨ ਮੇਂ ਕੇ ਹਮ ਨੇ ਤੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੇ ਭੇਖ ਕੇ ਆਦਰ ਸਤਕਾਰ ਵਾਸਤੇ ਭੇਖ ਕਾ ਮਾਨ ਰਖਨੇ ਲੀਏ ਸਾਹਿਬਜ਼ਾਦੋਂ ਕੇ ਸਮ ਹੀ ਪੂਜਾ ਕਰਦੀ ਥੀ, ਦੂਸਰਾ ਭੇਖ ਕੇ ਪ੍ਰਤਾਪ ਲਿਹਾਜ਼ ਕਰਕੇ ਸਾਹਿਬ ਨੇ ਇਸ ਕਾ ਪੜਦਾ ਜ਼ਾਹਿਰ ਨਹੀਂ ਕੀਆ ਥਾ । ਤੀਸਰਾ ਜਬ ਹਮ ਨੇ ਅਪਨੇ ਪ੍ਰਯੰਕ ਪਰ ਬੈਠਨੇ ਨਹੀਂ ਦੀਆ ਥਾ ਤਬ ਮੂਢ ਨਾ ਜਾਨਤਾ ਭਯਾ । ਔ ਅਪਨੇ ਮਨ ਮੇਂ ਮਹਾਂ ਗਰਬ ਕੋ ਪ੍ਰਾਪਤ ਹੋਤੇ ਭਯੇ ਹੈ । ਯਹ ਨੀਚ ਬਹੁਤੇ ਹੀ ਲੋਕੋ ਕੋ ਇਸ ਪ੍ਰਕਾਰ ਅਸ਼ਰਧਾ ਕੇ ਬਚਨ ਸੁਨਾਇ ਕੇ, ਮੇਰੇ ਸਿਖੋਂ ਕੇ ਚਿਤ ਮੇਂ ਅਸ਼ਰਧਾ ਕੋ ਉਤਪਨ ਕਰਕੇ, ਨਰਕ ਕੋ ਲੈ ਜਾਇ ਗੋ । ਯਾ ਤੇ ਸੁਨਯਾਰਾ ਅਵਸ਼ਯ ਡੰਡ ਕੇ ਯੋਗ ਹੈ । ਐਸੇ ਵੀਚਾਰ ਕੇ ਹਜ਼ੂਰ ਨੇ ਅਪਨੇ ਸਮੀਪ ਦੋ ਅਸਵਾਰ ਬੁਲਾਇ ਕੇ, ਉਨ **ਕੋ ਸਮਝਾਇ ਕੇ, ਸੁਨਾਰੇ ਕੇ ਪੀਛੇ** ਭਜਾਇ ਦੀਆ । ਕੇ ਆਦਰ ਸੇ ਕਹਿ ਕੇ ਹਮਾਰੇ ਪਾਸ ਲੈ ਆਓ । **ਜੋ ਨਾ ਆਵੈ ਤੋ ਬਿਲਾ ਤਕਰਾਰ ਬਾਂਧ ਕੇ ਲੈ** ਆਨਾ । ਹਜ਼ੂਰ ਕਾ ਹੁਕਮ ਮਾਨ ਕਰ, ਪਾਂਚ ਸਾਤ ਕੋਸ ਪਰ ਸਿਖ ਜਾਇ ਮਿਲੇ । ਜਬ ਸਿਖੋਂ ਨੇ ਤਿਸ ਸੇ ਕਹਯਾ ਤਬ ਕਪਟੀ ਕੇ ਮਨ ਮੇ ਅਪਨੇ ਕਪਟ ਪਾਪ ਕੀ ਬਾਤ ਤੁਰੰਤ ਹੀ ਖੁਟਕ ਗਈ । ਤਬ ਸਿੰਘੋਂ ਕੋ ਕੁਛ ਉਰਾ ਪਰਾ ਕਰਨੇ ਲਾਗਾ । ਤਬ ਸਿੰਘੋਂ ਨੇ ਕਹਿਯਾ ਜੇ ਭਲਾ ਮਾਨਸ ਬਨ ਕੇ ਚਲਾ ਚਲੇਂ ਤੋ ਅਛੀ ਬਾਤ ਹੈ । ਨਹੀਂ ਤੋ ਬੇਇਜ਼ਤ ਕਰ ਕੇ ਲੈ ਜਾਵਾਂਗੇ ।

ਐਸੇ ਸ਼ਿੰਘੋਂ ਕੇ ਕਠੋਰ ਬਚਨ ਸੁਣ ਕੇ, ਤਿਸ ਸੁਨਯਾਰੇ ਕੇ ਦੋਨੋ ਸੇਵਕ ਤੋ ਭਾਗ ਗਏ। ਔਰ ਸੁਨਾਰੇ ਨੇ ਭੀ ਉਨ ਕੋ ਅਪਨਾ ਕਾਲ ਰੂਪ ਜਾਨ ਲੀਆ। ਜੈਸੇ ਯਮਦੂਤ ਪਾਪੀ ਜੀਵ ਕੋ ਆਗੇ ਲਾਇ ਲੇਤੇ ਹੈਂ ਤਦ ਵਤ ਭੇਖੀ ਸੁਨਾਰੇ ਕੋ ਭੀ ਆਗੇ ਲਾਇਕੇ ਗੁਰੂ ਕੇ ਸਿੰਘ ਲੇ ਚਲੇ ਹੈਂ।

ਜਾਇ ਕੇ ਸਾਹਿਬ ਕੇ ਹਜ਼ੂਰ ਖੜਾ ਕਰ ਕੇ ਅਰਜ਼ ਕਰੀ: 'ਸਚੇ ਪਾਤਸ਼ਾਹ ਜਿਸ ਕੇ ਲਯਾਨੇ ਵਾਸਤੇ ਹਮ ਕੋ ਹਜ਼ੂਰ ਨੇ ਭੇਜਾ ਥਾ ਸੋ ਸਣੇ ਘੋੜੇ ਔਰ ਰੁਪੈ ਕੇ ਹਾਜ਼ਰ ਹੈ।' ਤਬ ਬਚਨ ਹੂਆ ਕੇ ਇਸ ਕੀ ਸੇਹਲੀ ਟੋਪੀ ਉਤਾਰ ਕਰ ਲੈ ਆਵੋ। ਤਬ ਸਿੰਘੋਂ ਨੇ ਤਿਸ ਦੰਭੀ ਸੁਨਾਰੇ ਕੀ ਸੇਹਲੀ ਟੋਪੀ ਉਤਾਰ ਕੇ ਸਾਹਿਬ ਕੇ ਹਾਜ਼ਰ ਕਰੀ। ਤਬ ਤਿਸ ਸੇਹਲੀ ਟੋਪੀ ਕੋ ਨਮਸਕਾਰ ਕਰਕੇ ਬਡੇ ਆਦਰ ਸੇ ਅਪਨੇ ਸਰਹਾਨੇ ਰਖਕੇ ਪੁਨ: ਹੁਕਮ ਦੀਆ ਕੇ ਇਸ ਕੋ ਜੁਤੀਔਂ ਸੇ ਮਾਰ ਕੇ ਮਸੰਦੋਂ ਕੀ ਗਤੀ ਕੋ ਪ੍ਰਾਪਤ ਕਰੋ। ਸਿੰਘੋਂ ਨੇ ਤੈਸੇ ਹੀ ਕੀਆ। ਪਨਹੀ ਸੇ ਮਾਰ ਮਾਰ ਕੇ। ਪੁਨ: ਤਿਸ ਕੇ ਮੁਰਦੇ ਕੋ ਘਸੀਟ ਖਡ ਮੇਂ ਫੈਂਕ ਦੀਆ। ਤਬ ਸਾਹਿਬ ਨੇ ਇਕ ਦੋਹਰਾ ਬੋਲਯਾ—

ਭੇਖ ਦਿਖਾਇ ਜਗਤ ਕੋ, ਲੋਗਨ ਕੋ ਬਸ ਕੀਨ ॥
ਅੰਤ ਕਾਲ ਕਾਤੀ ਕਟਿਓ, ਬਾਸ ਨਰਕ ਮੋ ਲੀਨ ॥ ੧ ॥

ਜਬ ਤਿਸ ਭੇਖੀ ਸੁਨਯਾਰੇ ਕੋ ਗੁਰੂ ਜੀ ਨੇ ਮਰਵਾਇ ਦੀਆ। ਤਬ ਅਗਿਆਨੀ ਲੋਕੋਂ ਮੇਂ ਯੇ ਪ੍ਰਸਿੱਧ ਹੂਆ ਕੇ ਸ੍ਰੀ ਗੁਰੂ ਜੀ ਪ੍ਰਥਮ ਬੇਦੀ ਸਾਹਿਬਜ਼ਾਦੋਂ ਕੀ ਯਥਾਯੋਗ ਪੂਜਾ ਕਰ ਕੇ ਪੁਨਾ ਪੀਛੇ ਪੂਜਾ ਖੋਸ ਲੇਤੇ ਹੈਂ ਔਰ ਸਾਹਿਬਜ਼ਾਦੇ ਕੋ ਮਰਵਾਇ ਦੇਂਤੇ ਹੈਂ। ਸਰਬ ਬੇਦੀ ਸਾਹਿਬਜ਼ਾਦਿਓਂ ਮੇਂ ਯੇ ਬਾਤ ਪ੍ਰਸਿਧ ਹੋ ਜਾਤੀ ਭਈ।

ਅਬ ਮਾਰੇ ਡਰ ਕੇ ਕੋਈ ਭੀ ਸਾਹਿਬਜ਼ਾਦਾ ਬੇਦੀ ਹਜ਼ੂਰ ਕੇ ਦਰਸ਼ਨ ਅਰਥ ਅਥਵਾ ਕਾਰ ਭੇਟ ਲੇਨੇ ਅਰ ਨਹੀਂ ਆਤੇ ਹੈਂ।

ਜਬ ਕਬੀ ਆਗੇ ਸਾਹਿਬ ਸ਼ਿਕਾਰ ਖੇਲਨੇ ਕੋ ਦੂਣ ਮੇ ਜਾਤੇ ਥੇ ਤਬ **ਸੰਤੋਖ ਗੜ੍ਹ** ਨਾਮ ਸੇ ਪ੍ਰਸਿ (ਊਨੇ ਸਾਹਿਬ ਕੇ ਔਰ ਅਨੰਦਪੁਰ ਸਾਹਿਬ ਕੇ ਮਧਯ ਮੇਂ ਹੈ) ਤਿਸਕੇ ਜੰਗਲ ਮੇਂ ਬਾਬਾ ਕਲਾਧਾਰੀ ਜੀ ਔਰ ਸਾਹਿ ਦਸਵੇਂ ਪਾਤਸ਼ਾਹ ਜੀ ਕਾ ਮੇਲਾ ਹੂਆ ਕਰਤਾ ਥਾ। ਤਿਸ ਅਸਥਾਨ ਪੈ ਮਿਲਨੇ ਕਾ ਦੋਨੋਂ ਸਾਹਿਬੋਂ ਕਾ ਸੰਕੇ ਥਾ। ਤਹਾਂ ਜੰਗਲ ਮੇਂ ਦੋਨੋਂ ਸਾਹਿਬੋਂ ਨੇ ਅਨੇਕ ਪ੍ਰਕਾਰ ਕੇ ਬਿਲਾਸ ਕਰਨੇ ਔਰ ਤਹਾਂ ਹੀ ਅਨੇਕ ਪ੍ਰਕਾਰ ਸੁੰਦਰ ਸ੍ਵਾਦੂ ਪ੍ਰਸ਼ਾਦ ਬਨਵਾਇ ਕੇ ਛਕਣੇ, ਸ਼ਿਕਾਰ ਖੇਲਤੇ, ਕਬੀ ਕਬੀ ਚੌਪੜ ਸ਼ਤਰੰਜ ਕੀ ਬਾਜੀ ਭੀ ਖੇਲ ਥੇ। ਜੈਸੇ ਸ੍ਰੀ ਵਸ਼ਿਸ਼ਟ ਔਰ ਸ੍ਰੀ ਰਾਮ ਜੀ ਸੋਭਤੇ ਥੇ ਤਦਵਤ ਸੋਭਤੇ ਭਏ। ਜਬ ਭੇਖੀ ਸਾਹਿਬਜ਼ਾਦੇ ਕੇ ਮਾਰ ਕੀ ਬਾਤ ਬਾਬਾ ਕਲਾਧਾਰੀ ਜੀ ਨੇ ਸੁਨ ਪਾਈ ਤਬ ਬਡੇ ਅਸਚਰਜ ਕੋ ਪ੍ਰਾਪਤ ਹੋ ਕੇ ਰਿਦੇ ਮੇਂ ਵਿਚਾਰਤੇ ਭ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਕੀ ਗਾਦੀ ਪਰ ਬੈਠ ਕੇ ਕਿਥੋ ਜਗ ਮੈ ਮਹਾਂ ਪੂ ਕੋ ਪ੍ਰਾਪਤ ਹੋਤੇ, ਅਬ ਪ੍ਰਮਾਦੀ ਹੋ ਗਏ ਹੈਂ—

ਐਸੋ ਕੌਨ ਭਯੋ ਜਗ ਮਾਹੀਂ ॥
ਪ੍ਰਭੁਤਾ ਪਾਇ ਜਾਸ ਮਦ ਨਾਹੀਂ ॥

ਕਾਰ ਭੇਟ ਕਾ ਲੇਨਾ ਤੋਂ ਕਹੂੰ ਰਹਯੋ ਅਬ ਦਰਸ਼ਨ ਪਰਸ਼ਨ ਸੇ ਭੀ ਰਹੇ। ਇਸ ਵਿਚਾਰ ਸੇ ਬਾਬਾ ਬਡੀ ਸੋਚ ਮੇ ਰਹਨੇ ਲਾਗੇ। ਇਧਰ ਸ੍ਰੀ ਦਸਮੇਸ਼ ਜੀ ਭੀ ਵੀਚਾਰ ਮਨ ਮੇਂ ਕੀਆ ਕੇ ਬਹੁਤ ਦਿਨ ਭਯੇ ਹੈਂ ਜੋ ਬਾ ਕਲਾ ਧਾਰੀ ਜੀ ਅਬ ਕਾਰੇ ਨਹੀਂ ਆਤੇ ਹੈਂ। ਕਯਾ ਕਾਰਨ ਹੈ? ਜੋ ਨਹੀਂ ਆਏ ਹੈਂ? ਐਸੇ ਵੀਚਾਰ ਕੇ ਪੁਨ ਅੰਤਰ ਯਾਮਤਾ ਸੇ ਸਭੀ ਬਾਤ ਜਾਨ ਕੇ ਪੁਨਾ ਸ੍ਰੀ ਗੁਰੂ ਜੀ ਆਖੇਰ ਕਰਨੇ ਕੇ ਬਹਾਨੇ ਏਕ ਦਿਨ ਚਲੇ।

ਉਧਰ ਬਾਬੇ ਕਲਾਧਾਰੀ ਜੀ ਕਾ ਚਿਤ ਭੀ ਪ੍ਰੇਰਯਾ ਜਾਤਾ ਭਯਾ ਕੇ ਚਲੋ ਸਾਹਿਬ ਕਾ ਦਰਸ਼ਨ ਪਰਸ਼ ਕਰੀਏ। ਐਸੇ ਵੀਚਾਰ ਸੇ ਬਾਬਾ ਕਲਾਧਾਰੀ ਜੀ ਭੀ ਅਸ੍ਵਾਰ ਹੋ ਕੇ ਬਨ ਕੀ ਓਰ ਉਠ ਧਾਏ। ਇਸ ਓ

ਸ੍ਰੀ ਗੁਰੂ ਜੀ ਭੀ ਸ਼ਿਕਾਰ ਖੇਲਤੇ ਹੂਏ, ਬਨ ਮੇਂ ਰੀਛ, ਰੋਝ, ਝੰਖਾਰ, ਮ੍ਰਿਗ ਖੁਦ੍ਰ, ਮ੍ਰਿਗਾਦਿਕ ਘਨੇ ਹੀ ਜੀਵੋਂ ਕੋ ਮਾਰਾ। ਜਿਸ ਜਿਸ ਕੋ ਤਿਸ ਬਡਭਾਗ ਜੀਵ ਕੋ ਮਾਰਾ, ਸੰਸਾਰ ਰੂਪੀ ਸਮੁੰਦ੍ਰ ਸੇ ਪਾਰ ਕਰ ਦੀਆ, ਅਰਥਾਤ ਜਨਮ ਮਰਣ ਰੂਪ ਸਮੁੰਦਰ ਸੇ ਪਾਰ ਕਰਕੇ ਤਿਸ ਜੀਵ ਕੋ ਬੈਕੁੰਠ ਗਾਮੀ ਕਰਦੀਆ। ਤਹਾਂ ਤਿਸੀ ਬਨ ਮੇਂ ਦੋਨੋਂ ਸਾਹਿਬੋਂ ਕਾ ਮੇਲ ਹੋ ਜਾਤਾ ਭਯਾ। ਸ੍ਰੀ ਗੁਰੂ ਨਾਨਕ ਸਾਹਿਬ ਜੀ ਕੀ ਅੰਸ਼ ਜਾਨ ਕੇ ਬੜੇ ਪ੍ਰੇਮ ਸੇ ਬਾਬੇ ਕਲਾਧਾਰੀ ਜੀ ਕੋ ਸਾਹਿਬ ਸ੍ਰੀ ਦਸਮੇਸ਼ ਜੀ ਨਮਸਕਾਰ ਕਰਤੇ ਭਏ। ਪੁਨਾ ਬਚਨ ਹਜ਼ੂਰ ਨੇ ਕੀਆ 'ਕਹੁ ਬਾਬਾ ਜੀ ਆਜ ਆਪ ਕਾ ਬਹੁਤ ਦਿਨ ਪੀਛੇ ਦਰਸ਼ਨ ਹੂਆ ਹੈ। ਇਸ ਮੇਂ ਕਿਆ ਕਾਰਨ ਹੈ ? ਆਪ ਦਰਸ਼ਨ ਨਹੀਂ ਦੇਤੇ ਹੈਂ। ਹਮਾਰੀ ਓਰ ਸੇ ਆਪ ਕਿਧੋਂ ਉਪਰਾਮ ਹੋ ਗਏ ਹੈਂ ?

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ ਬਚਨ ਸੁਣ ਕੇ, ਬਾਬੇ ਕਲਾਧਾਰੀ ਜੀ ਨੇ ਮਨ ਮੇਂ ਖੁਨਸਾਇ ਕੇ ਉਤਰ ਦੀਆ ਕੇ ਹਾਂ ਸਾਹਿਬ ਜੀ ਹਮ ਆਪ ਕੇ ਊਪਰ ਬਹੁਤ ਨਰਾਜ਼ ਹੈਂ ਔਰ ਆਪ ਕਾ ਪ੍ਰਣਾਮ ਭੀ ਹਮ ਕੋ ਅੰਗੀਕਾਰ ਨਹੀਂ ਹੈ।

ਹਜ਼ੂਰ ਨੇ ਬਚਨ ਕੀਆ ਐਸਾ ਹਮ ਸੇ ਕਿਆ ਅਪ੍ਰਾਧ ਭਯਾ ਹੈ ਜਿਸ ਕਰਕੇ ਆਪ ਹਮਾਰਾ ਪ੍ਰਣਾਮ ਭੀ ਅੰਗੀਕਾਰ ਨਹੀਂ ਕਰਤੇ ? ਔਰ ਅਨੰਦਪੁਰ ਮੇਂ ਭੀ ਆਪ ਨੇ ਆਨਾ ਜਾਨਾ ਤਿਆਗ ਦੀਆ ਹੈ ਜੋ ਹਮ ਸੇ ਅਪ੍ਰਾਧ ਬਨ ਪਰਯੋ ਹੈ ਤਿਸ ਕੋ ਆਪ ਪ੍ਰਗਟ ਕਰਕੇ ਕਹੋ।

ਤਬ ਬਾਬੇ ਕਲਾਧਾਰੀ ਨੇ ਕਹਯਾ ਕੇ ਆਪ ਪ੍ਰਥਮ ਬੇਦੀ ਸਾਹਿਬਜ਼ਾਦੇ ਕੋ ਸ੍ਰੀ ਗੁਰੂ ਨਾਨਕ ਜੀ ਕਾ ਸਰੂਪ ਜਾਨ ਕੇ ਸਤਿਕਾਰ ਪੂਰਬਕ ਪੂਜਾ ਕਰਕੇ, ਬਿਦਾ ਕਰਤੇ ਥੇ, ਔ ਅਬ ਆਪ ਨੇ ਉਲਟੀ ਨਈ ਚਾਲ ਪਕੜੀ ਹੈ। ਜੋ ਪ੍ਰਥਮ ਬੇਦੀ ਸਾਹਿਬ ਕੀ ਪੂਜਾ ਕਰਕੇ ਪੁਨਾ ਪੂਜਾ ਖੋਸ ਲੇਤੇ ਹੋ ਔ ਬੇਦੀ ਕੋ ਮਰਵਾਇ ਦੇਤੇ ਹੋ।

ਤਬ ਸਾਹਿਬ ਨੇ ਬਚਨ ਕੀਆ ਵਾਹਿਗੁਰੂ ੨ ਸਾਹਿਬ ਜੀ ਹਮ ਤੋ ਬੇਦੀ ਸਾਹਿਬਜਾਦੋਂ ਕੋ ਸ੍ਰੀ ਗੁਰੂ ਨਾਨਕ ਜੀ ਕਾ ਸਰੂਪ ਜਾਨਕੇ ਤਦਵਤ ਹੀ ਪੂਜਾ ਕਰਤੇ ਹੈਂ। ਯੇਹ ਕਿਸੀ ਪਿਸਨ ਨੀਚ ਨੇ ਆਪ ਕੇ ਮਨ ਮੇਂ ਸ਼ਕ ਡਾਰਯੋ ਹੈ। ਹਮ ਨੇ ਤੋ ਆਜ ਪ੍ਰਯੰਤ ਅਸੰਭਾਵਿਤ ਖੋਟੀ ਦਰਿਸ਼ਟੀ ਕਰਕੇ ਭੀ ਨਹੀਂ ਦੇਖਯੋ ਹੈ ਮਾਰਣੋ ਤੋ ਦੂਰ ਰਹਯੋ।

ਬਾਬੇ ਕਲਾਧਾਰੀ ਜੀ ਨੇ ਪੁਨਾ ਕਹਯੋ ਕੇ ਜਿਸ ਦਿਨ ਸੇ ਆਪ ਨੇ ਏਕ ਬੇਦੀ ਸਾਹਿਬਜ਼ਾਦੇ ਕੋ ਪ੍ਰਥਮ ਪੂਜ ਕੇ ਪੁਨਾ ਸਭ ਕੁਛ ਉਸ ਕਾ ਖੋਸ ਕੇ ਮਰਵਾਇ ਦੀਓ ਹੈ ਉਸ ਦਿਨ ਸੇ ਹਮ ਨੇ ਅਨੰਦਪੁਰ ਮੇਂ ਆਨਾ ਜਾਨਾ ਛੋਡ ਦੀਓ ਹੈ। ਹਮ ਕਿਆ ਓਸ ਦਿਨ ਸੇ ਆਪ ਕੇ ਪਾਸ ਕੋਈ ਭੀ ਸਾਹਿਬਜ਼ਾਦਾ ਨਹੀਂ ਆਯੋ ਹੈ। ਪ੍ਰਥਮ ਆਪ ਨੇ ਸਰਬ ਮਸੰਦ ਮਰਵਾਏ ਦੀਏ ਹੈਂ ਅਬ ਆਪ ਨੇ ਬੇਦੀ ਸਾਹਿਬਜ਼ਾਦਾ ਮਰਵਾਏ ਦੀਆ ਹੈ ਯੇ ਬੜਾ ਅਨੁਚਿਤ ਆਪ ਨੇ ਕਰੀ ਹੈ। ਇਸ ਵਾਸਤੇ ਸਰਬ ਬੇਦੀ ਬੰਸ਼ ਕੇ ਮਨ ਮੇਂ ਬਡੀ ਭਾਰੀ ਗਿਲਾਨੀ ਉਤਪਤ ਹੋਏ ਆਈ ਹੈ। ਕਹਤੇ ਹੈ ਕੇ ਅਬ ਸਤਿਗੁਰੂ ਜੀ ਨੇ ਕਿਆ ਬਾਤ ਮਨ ਮੇ ਠਹਿਰਾਈ ਹੈ। ਹਮ ਲੋਗੋਂ ਕੋ ਮਹਾਰਾਜ ਜੀ ਕੇ ਅਭਿਪ੍ਰਾਯ ਕੀ ਕੁਛ ਸਮਝ ਨਹੀਂ ਪਰਤੀ ਹੈ। ਇਸ ਸੇ ਹਮ ਆਪਸੇ ਪੂਛਤੇ ਹੈਂ ਯੇ ਆਪ ਨੇ ਬੇਦੀਓਂ ਕੇ ਮਰਵਾਇ ਦੇਨੇ ਕਾ ਕਯਾ ਵਿਚਾਰ ਠਹਿਰਾਯੋ ਹੈ ?

ਐਸੀ ਐਸੀ ਬਾਤ ਬਾਬੇ ਕਲਾਧਾਰੀ ਜੀ ਕੀ ਸੁਣ ਕੇ ਸ੍ਰੀ ਗੁਰਵਾਚ :—

ਹੇ ਸਾਹਿਬ ਜੀ ! ਹਮ ਤੋ ਬੇਦੀ ਸਾਹਿਬਜ਼ਾਦੋਂ ਕੋ ਸ੍ਰੀ ਗੁਰੂ ਨਾਨਕ ਦੇਵ ਜੀ ਕਾ ਰੂਪ ਜਾਨਤੇ ਹੈਂ। ਜਗਤ ਗੁਰੂ ਸਮਝਤੇ ਹੈਂ। ਮਰਵਾਣੇ ਤੋ ਦੂਰ ਰਹਯੋ ਹਮ ਤੋ ਕਬੀ ਬੇਦੀ ਸਾਹਿਬਜ਼ਾਦੇ ਕੀ ਓਰ ਊਂਚੀ ਦ੍ਰਿਸ਼ਟ ਪਸਾਰ ਕੇ ਭੀ ਨਹੀਂ ਦੇਖਤੇ ਹੈਂ। ਯੇ ਸਾਹਿਬਜ਼ਾਦੇ ਕੇ ਮਰਵਾਇ ਦੇਨੇ ਕੀ ਪਰਮ ਅਨੁਚਿਤ ਬਾਤ ਆਪ ਨੇ ਕਿਆ ਕਹੀ ਹੈ। ਸਾਹਿਬ ਜੀ ਆਪ ਤੋ ਤ੍ਰੈਕਾਲ ਦਰਸੀ ਹੋ ਆਪ ਨੈਕ ਅੰਤਰ ਮੁਖ ਹੋ ਕੇ, ਦੇਖੋ ਤੋ ਸਹੀ ਜੋ ਜਿਸ ਕੋ ਹਮ ਨੇ ਮਰਵਾਇ ਦੀਓ ਹੈ ਵੋ ਕਿਸ ਘਰਾਨੇ ਕਾ ਥਾ ? ਸਾਹਿਬ ਜੀ ਵੋ ਸੁਨਯਾਰਾ ਥਾ ਕਪਟ ਕਾ ਭੇਖ ਸਾਹਿਬਜ਼ਾਦੇ ਕਾ ਬਨਾਇਕੇ ਆਯਾ

ਹੈ ਜੋ ਹਮ ਆਪ ਕੋ ਨਹਿ ਦੇ ਸਕੇਂ। ਜੋ ਵਰ ਆਪ ਮਾਂਗੋਗੇ ਹਮ ਉਹੀ ਬਚਨ ਆਪ ਕੋ ਪੂਰਨ ਕਰੇਂਗੇ। ਜਬ ਸਤਿਗੁਰੂ ਜੀ ਨੇ ਸ੍ਰੀ ਗੁਰੂ ਨਾਨਕ ਜੀ ਕੀ ਆਨ ਕਰਕੇ ਬਚਨ ਕੀਆ ਤਬ ਤਾਤ ਕਾਲ ਹੀ ਬਾਬੇ ਨੇ ਬੜੀ ਨਿੰਮਰਤਾ ਪੂਰਬਿਕ ਅਤੀ ਅਧੀਨਗੀ ਸੇ ਦੋਨੋਂ ਹਾਥ ਜੋੜ ਕਰ ਇਹ ਵਰ ਮਾਂਗਿਯਾ:—

ਬਾਬਾ ਕਲਾਧਾਰੀਓ ਵਾਚ:—

ਹੇ ਭਗਵਾਨ, ਆਪ ਭਗਤ ਵਤਸਲ ਹੋ, ਯੁਗ ੨ ਵਿਖੇ ਆਪਨੇ ਭਗਤੋਂ ਕੀ ਪੈਜ ਰਖਤੇ ਆਏ ਹੋ, ਪੂਰਨ ਪ੍ਰਤਗਯ ਹੋ, ਯਦਯਤੀ ਧਰਮ ਸ਼ਾਸ਼ਤ੍ਰ ਮੇਂ ਇਸਤਰੀ ਸਰਬਥਾ ਅਬਧ ਹੈ ਤਥਾਪੀ ਆਪਨੀ ਪ੍ਰਤਗਯਾ ਪੂਰਨ ਕਰਨ ਅਰਥ ਔ ਅਪਨੇ ਭਗਤ ਦੇਵਤਾ ਲੋਕੋਂ ਕੀ ਰਖਯਾ ਅਰਥ ਆਪ ਨੇ ਭ੍ਰਿਗੂ ਰਿਖੀ ਕੀ ਇਸਤਰੀ ਕਾ ਸ਼ੁਕਰ ਜੀ ਕੀ ਮਾਤਾ ਕਾ ਸੁਦਰਸ਼ਨ ਚੱਕਰ ਸੇ ਸਿਰ ਕਾਟ ਦੀਆ ਥਾ। ਪੁਨ: ਆਪ ਨੇ ਪਰਮ ਭਗਤ ਭ੍ਰਿਗੂ ਜੀ ਕਾ ਬਚਨ ਸਤਿ ਕਰਨੇ ਅਰਥ ਇਸਤਰੀ ਦਾ ਵਿਯੋਗ ਰੂਪ ਸਰਾਪ ਭ੍ਰਿਗੂ ਰਿਖੀ ਦਾ ਦੀਆ ਹੂਆ ਆਪ ਅੰਗੀਕਾਰ ਕਰਤੇ ਭਏ। ਜੋ ਸ੍ਰੀ ਰਾਮ ਅਵਤਾਰ ਹੋ ਕੇ ਇਸਤਰੀ ਕਾ ਵਿਯੋਗ ਆਯੂ ਭਰ ਕਾ ਸਹਾਰਯਾ ਆਪਨੇ ਦਯਾ ਕਰ ਕੇ ਆਪਨੇ ਭਗਤ ਨਾਮ ਦੇਵ ਜੀ ਕੇ ਵਾਸ ਤੇ ਦੇਹੁਰਾ ਫੇਰ ਦੀਆ ਥਾ। ਜਿਸ ਓਰ ਪਾਂਡੇ ਆਰਤੀ ਕਰਤੇ ਥੇ ਤਿਸ ਓਰ ਮੰਦਰ ਕੀ ਪੀਠ ਕਰਦੀ ਔ ਨਾਮ ਦੇਵ ਜੀ ਕੀ ਓਰ ਮੰਦਰ ਕਾ ਮੁਖ ਕਰ ਦੀਆ ਥਾ। ਪ੍ਰਹਲਾਦ ਆਦਿ ਅਨੰਤ ਭਗਤੋਂ ਕੀ ਆਪ ਪੈਜ ਸਦਾ ਸੇ ਹੀ ਰਖਤੇ ਆਏ ਹੋ। ਸੋ ਜੇ ਆਪ ਹਮਾਰੇ ਊਪਰ ਪ੍ਰਸੰਨ ਹੋ ਔ ਵਰ ਦੇਤੇ ਹੋ ਤਬ ਵਰੋਂ ਮੇਂ ਸੇ ਹਮ ਕੋ ਏਹੀ ਵਰ ਦੇਵੋ ਜੋ ਆਪ ਬੇਦੀ ਕੁਲ ਕੋ ਪੁੰਨ: ਪਵਿਤਰ ਕਰੋ ਮੈਂ ਆਪ ਕੀ ਸੁੰਦਰ ਬਾਲ ਵਿਅਕਤੀ ਕੋ ਗੋਦ ਮੇਂ ਖਿਲਾਊਂ ਅਰਥਾਤ ਹਮਾਰੇ ਗ੍ਰਿਹ ਮੇਂ ਆਪ ਅਵਤਾਰ ਧਾਰੋ। ਬਹੁਤ ਹੀ ਚਿਰ ਭਇਓ ਹੈ ਬੇਦੀ ਕੁਲ ਕੋ ਤਿਆਗੇ ਕੋ। ਸੋ ਅਬ ਪੁਨਾ ਆਪ ਬੇਦੀ ਕੁਲ ਰੂਪੀ ਅਕਾਸ਼ ਮੇ, ਚੰਦਰਮਾ ਉਦੈ ਹੋਵੇ। ਆਪ ਕੀ ਕ੍ਰਿਪਾ ਦ੍ਰਿਸ਼ਟੀ ਸੇ ਔ ਧਨ ਪਦਾਰਥ ਦਾਸ ਦਾਸੀਆਂ ਖੇਤਰ ਮਿਲਖ ਸਿਖੀ ਸੇਵਕੀ ਰਿਧੀ ਸਿਧੀ ਕੀ ਕੁਛ ਪਰਵਾਹ ਨਹੀਂ ਹੈ। ਐਸੇ ਵਰਦਾਨ ਯਾਚਨੇ ਸੇ ਅਨਅੰਤਰ ਹਜ਼ੂਰ ਨੇ ਬਚਨ ਕੀਆ ਕਿ ਅੱਛਾ ਬਾਬਾ ਜੀ ਜੇ ਆਪ ਹਮ ਸੇ ਖੇਡ ਮੇਂ ਚੌਪਟ ਕੀ ਬਾਜ਼ੀ ਜੀਤ ਜਾਵੋ ਤਬ ਹਮ ਨੇ ਆਪ ਕੋ ਏਹੀ ਵਰ ਦੀਆ।

ਐਸੇ ਸਾਹਿਬ ਕੇ ਬਚਨ ਕੋ ਬਾਬੇ ਕਲਾ ਧਾਰੀ ਜੀ ਨੇ ਸੁਣ ਕੇ ਕਹਯਾ ਤਥਾਸਤਿ, ਜੈਸੇ ਆਪ ਕੀ ਆਗਯਾ ਹੈ ਤੈਸੇ ਹੀ ਹੋਵੈ। ਇਤਨੇ ਮੇਂ ਹਜ਼ੂਰ ਕੀ ਆਗਿਯਾ ਅਨੁਸਾਰ ਕਹਾ, ਬ੍ਰਿਛੋਂ ਕੀ ਸੰਘਨੀ ਛਾਇਆ ਕੇ ਨੀਚੇ ਮਸਨੰਦ ਕੇ ਊਪਰ ਚੌਪਟ ਵਿਛਾ ਦੀਆਂ ਸੇਵਕੋਂ ਨੇ। ਤਬ ਖੇਲਨੇ ਕੇ ਆਰੰਭ ਮੇਂ ਬਾਬੇ ਕਲਾਧਾਰੀ ਜੀ ਨੇ ਆਪਨੇ ਮਨ ਹੀ ਮਨ ਮੇਂ ਸ੍ਰੀ ਗੁਰੂ ਜੀ ਕਾ ਅਰਾਧਨ ਕੀਤਾ ਔ ਸੁਖਨਾ ਭੀ ਸੁਖੀ। ਹੇ ਅੰਤਰਜਾਮੀ ਗੁਰੂ, ਗਰੀਬਨਿਵਾਜ਼ ਦੀਨ ਬੰਧੂ ਹੇ ਭਗਤ ਵਤਸਲ ਜੇ ਆਪ ਹਜ਼ੂਰ ਅਪਨੇ ਬਚਨ ਸੇ ਆਪ ਨੇ ਹੀ ਪ੍ਰਥਮ ਏਹ ਬਚਨ ਕੀਆ ਹੈ ਬਾਜੀ ਜੀਤ ਜਾਵੋ ਹਮਾਰੀ, ਤੋ ਕੋਈ ਸਮਰਥ ਨਹੀਂ ਹੈ ਆਪ ਸੇ ਬਾਜ਼ੀ ਜੀਤਨੇ ਕੀ ਆਪ ਹੀ ਕ੍ਰਿਪਾ ਕਰ ਕੇ ਬਾਜ਼ੀ ਜਿਤਾਓ। ਤੋ ਹਮ ਸਵਾ ਪਾਂਚ ਸੈ ਰੁਪੈ ਕੜਾਹ ਪ੍ਰਸਾਦ ਕਾ ਹਜ਼ੂਰ ਕੋ ਭੋਗ ਲਗਾਏ ਕੇ ਹਜ਼ੂਰ ਕੇ ਪਰਮ ਪਿਆਰੇ ਅਭਯਾਗਤੋਂ ਕੋ ਛਕਾਏਂਗੇ। ਇਸੀ ਪ੍ਰਕਾਰ ਸੋ ਅਪਨੇ ਮਨ ਮੇਂ ਸ੍ਰੀ ਗੁਰੂ ਜੀ ਕੋ ਮਨਾਏ ਕੇ ਹਜ਼ੂਰ ਕੇ ਸਾਥ ਖੇਲਨੇ ਲਗੇ।


ਤਬ ਪਹਿਲੀ ਬਾਜ਼ੀ ਬਾਬੇ ਕਲਾਧਾਰੀ ਜੀ ਸੇ ਜੀਤ ਕੇ ਸ੍ਰੀ ਦਸਮੇਸ਼ ਜੀ ਨੇ ਕਿੰਚਤ ਹੱਸ ਕੇ ਬਚਨ ਕੀਆ ਕਿ ਬਾਬਾ ਜੀ ਅਬ ਆਪ ਬ੍ਰਿਧ ਹੋ ਗਏ ਹੈਂ ਅਬ ਆਪ ਸੇ ਖੇਲਾ ਨਹੀਂ ਜਾਤਾ। ਤਬ ਬਾਬੇ ਨੇ ਕਹਯਾ ਕਿ ਸਾਹਿਬ ਜੀ ਆਪ ਚਲ ਕੇ ਆਏ ਹੈਂ ਇਸ ਸੇ ਏਕ ਬਾਜ਼ੀ ਆਪ ਕੇ ਆਦਰ ਕੇ ਲੀਏ ਆਪ ਕੀ ਭੇਟਾ ਕਰੀ ਹੈ। ਅਬ ਜੀਤੋਂਗੇ ਤਬ ਜਾਨੋਂਗੇ।

ਇਤਨੇ ਮੇਂ ਦੋ ਬਾਜ਼ੀ ਭੀ ਹਜ਼ੂਰ ਬਾਬੇ ਸੇ ਜੀਤ ਗਏ, ਤਬ ਪੁਨ: ਸਾਹਿਬ ਨੇ ਬਚਨ ਕੀਆ ਕੇ ਬਾਬਾ ਜੀ ਅਬ ਬਹੁਤ ਬ੍ਰਿਧ ਭਏ ਹੋ। ਅਬ ਜਾਨੇ ਦੀਜੀਏ, ਪੁਨਾ: ਬਾਬੇ ਨੇ ਕਹਿਯੋ ਕਿ ਸਾਹਿਬ ਜੀ, ਆਪ ਸ੍ਰੀ ਗੁਰੂ ਨਾਨਕ ਜੀ ਕੀ ਗਾਦੀ ਪਰ ਬ੍ਰਿਾਜਮਾਨ ਹੋ ਇਸ ਸੇ ਯੇ ਦੋ ਬਾਜ਼ੀ ਆਪ ਕੀ ਨਜ਼ਰ ਕਰਤਾ ਹੂੰ। ਅਬ

ਦਰਬਾਰ ਬਾਬਾ ਸਾਹਿਬ ਸਿੰਘ ਸਿੰਘ ਜੀ



ਚੌਰ ਕਰਨ ਵਾਲੇ ਸੰਤ ਬੀਰ ਸਿੰਘ ਜੀ ਨੌਰੰਗਾਬਾਦੀ
ਸਾਹਮਣੇ—ਬਾਬਾ ਜੀ ਦੇ ਸਾਹਿਬਜ਼ਾਦੇ ਤੇ ਨਿਰਮਲੇ ਸੰਤ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਬੈਠੇ ਹਨ ।



ਆਪ ਨੇ ਬੜੀ ਹੁਸ਼ਯਾਰੀ ਸੇ ਖੇਲਨਾ ਅਬ ਕੀ ਬਾਜੀ ਲੇ ਲੇਵੇਂਗੇ। ਐਸੇ ਆਪਸ ਮੇਂ ਬਚਨ ਬਲਾਸ ਕਰ ਕੇ ਉਪਰ ਸੇ ਤੋ ਬਾਬਾ ਜੀ ਸ੍ਰੀ ਗੁਰੂ ਜੀ ਕੇ ਸਾਥ ਖੇਲਤੇ ਹੈਂ ਅਰ ਜਿਦ ਜਿਦ ਕੇ ਗੋਟਾਂ ਮਾਰਤੇ ਹੈਂ ਔ ਮਨ ਮੇਂ ਕਹਿਤੇ ਹੈਂ ਹੇ ਅੰਤਰ ਯਾਮੀ, ਹੈ ਦੀਨ ਬੰਧੂ, ਹੇ ਭਗਤ ਵਤਸਲ, ਹੇ ਪਤਿਤ ਉਧਾਰਨ, ਹੇ ਭਗਵਤ, ਹੇ ਤੁਰਕ ਤਮ ਕੇ ਨਾਸ਼ ਕਰਤਾ, ਸੂਰਯ ਰੂਪ ਹੇ ਘਟ ਘਟ ਵਾਸੀ, ਹੇ ਸਰਬ ਵਿਆਪੀ, ਹੇ ਅੰਤਰਯਾਮੀ, ਹੇ ਘਟ ਘਟ ਗਾਮੀ, ਹੇ ਸਤਿ ਪ੍ਰਤਗਯਾ, ਹੇ ਸਵਾਮਿਨ, ਹੇ ਸਰਬ ਨਿਵਾਸੀ, ਹੇ ਪਾਰਬ੍ਰਹਮ, ਸਰਬ ਭਗਤੋਂ ਕਾ ਸਰਬਸ੍ਵ ਸੰਤਾਂ ਜਨਾਂ ਕੋ ਆਸਰਾ, ਹੇ ਗੁਰੂ ਜੀ ਆਪ ਹੀ ਅਨੁਗ੍ਰਹਿ ਕਰ ਕੇ ਯੇ ਬਾਜ਼ੀ ਦੀਜੀਏ। ਮਨ ਕਰ ਕੇ ਪ੍ਰਾਰਥਨਾ ਭੀ ਕਰਤੇ ਹੈਂ ਔ ਖੇਲਤੇ ਭੀ ਜਾਤੇ ਹੈਂ। ਬਾਬਾ ਜੀ ਕਾ ਮਨ ਅਤਿ ਆਤੁਰ ਦੇਖ ਕੇ ਉਹ ਅਪਨਾ ਪਰਮ ਪਿਆਰਾ ਭਗਤ ਜਾਨ ਕੇ ਜੈਸੇ ਅਰਜਨ ਸਹਿਤ ਚੰਦਰਹਾਸ ਕੇ ਅਪਨੇ ਪ੍ਰੀਤਮ ਭਗਤ ਕੇ ਆਗੇ ਆਪ ਹਾਰ ਗਏ ਥੇ ਤਦਵਤ ਬਾਬੇ ਜੀ ਕੇ ਆਗੇ ਵੀ ਸ੍ਰੀ ਦਸਮੇਸ਼ ਜੀ ਭੀ ਹਾਰ ਮਾਨ ਲੇਤੇ ਭਏ। ਆਪ ਅਪਨੇ ਪ੍ਰਤਗਯਾ ਕੀ ਪਾਲਨਾ ਕਰਤੇ ਹੋ ਯੇ ਆਪ ਕੋ ਬਿਰਦ ਹੀ ਹੈ। ਬਾਜ਼ੀ ਜੀਤ ਕੇ ਸ੍ਰੀ ਗੁਰੂ ਜੀ ਕੀ ਬੜੀ ਉਸਤਤੀ ਕਰਤੇ ਭਏ। ਵਾਰੰਵਾਰ ਮਨ ਕਰਕੇ ਪ੍ਰਣਾਮ ਕਰਤੇ ਭਏ। ਤਬ ਸ੍ਰੀ ਹਜ਼ੂਰ ਗੁਰੂ ਗੋਬਿੰਦ ਸਿੰਘ ਜੀ ਬਾਬੇ ਜੀ ਕੋ ਅਤਿ ਹੀ ਪ੍ਰਸੰਨ ਹੋ ਕੇ ਵਰ-ਦਾਨ ਦੇਤੇ ਭਏ।

"ਜਾਹੁ ਬਾਬਾ ਜੀ ਬਾਜ਼ੀ ਜੀਤਨੇ ਸੇ ਆਪ ਕੇ ਹਮ ਬੇਟੇ ਅਜੀਤ ਸਿੰਘ ਕੇ ਘਰ ਅਵਤਾਰ ਧਾਰਾਂਗੇ। ਅਬੀ ਹਮ ਨੇ ਬਹੁਤ ਸੇ ਕਾਰਜ ਕਰਨੇ ਹੈਂ। ਜਿਤਨਾ ਚਿਰ ਹਮ ਇਸ ਦੇਸ਼ ਮੇਂ ਕੌਤਕ ਕਰਤੇ ਹੈਂ ਉਤਨਾ ਚਿਰ ਆਪ ਹਮਾਰੇ ਪਾਸ ਰਹਯਾ ਕਰੋ।"

ਉਸ ਦਿਨ ਸੇ ਬਾਬਾ ਕਲਾਧਾਰੀ ਜੀ ਹਜ਼ੂਰ ਕੇ ਪਾਸ ਹੀ ਰਹਨੇ ਲਾਗੇ। ਬਾਬਾ ਕਲਾਧਾਰੀ ਜੀ ਸਾਹਿਬ ਸੇ ਵਰਦਾਨ ਕੋ ਪ੍ਰਾਪਤ ਹੋ ਕੇ ਐਸੇ ਪ੍ਰਸੰਨ ਹੋਤੇ ਭਏ ਜੈਸੇ ਅਨੰਤ ਜਨਮ ਕੇ ਦਰਿਦ੍ਰੀ ਕੋ ਚਿੰਤਾਮਣੀ ਪ੍ਰਾਪਤ ਹੋਨੇ ਸੇ ਪ੍ਰਸੰਨਤਾ ਹੋਤੀ ਹੈ। ਪ੍ਰਸੰਨਤਾ ਸੇ ਅਪਨੇ ਅੰਗ ਮੇਂ ਨਹੀਂ ਮਾਵਤੇ ਹੈਂ। ਤੈਸੇ ਬਾਬੇ ਜੀ ਆਪਨੇ ਅੰਗੋਂ ਮੇਂ ਨਾ ਮਾਵੇਂ। ਹਜ਼ੂਰ ਸੇ ਵਿਦਾ ਹੋਇ ਕੇ, ਊਨਾ ਸਾਹਿਬ ਨਗਰ ਮੇਂ ਆਇ ਕੇ, ਸਵਾ ਪਾਂਚ ਸੈ ਰੁਪੈ ਕਾ ਕੜਾਹ ਪ੍ਰਸ਼ਾਦ ਕਰਾਏ ਕੇ, ਬੜੇ ਪ੍ਰੇਮ ਸੇ ਅਤਿ ਉਤਕਟ ਸ਼ਰਧਾ ਔ ਪ੍ਰੀਤੀ ਕਰ ਕੇ ਗੁਰੂ ਜੀ ਕੋ ਭੋਗ ਲਗਾਏ ਕੇ ਪ੍ਰਸਾਦ ਵਰਤਾਇ ਦੇਤੇ ਭਏ। ਜਹਾਂ ਸ੍ਰੀ ਗੁਰੂ ਜੀ ਕਾ ਤੇ ਬਾਬੇ ਕਲਾਧਾਰੀ ਜੀ ਕਾ ਮੇਲ ਹੂਆ ਥਾ ਔ ਸੰਵਾਦ ਹੂਆ ਥਾ ਤਿਸ ਅਸਥਾਨ ਕਾ ਨਾਮ ਗੁਰਪਲਾਹ ਧਾਰ ਕੇ ਹਜ਼ੂਰ ਦਸਮੇਸ਼ ਜੀ ਅਪਨੇ ਮੁਖਾਰਵਿੰਦ ਸੇ ਵਰ ਪ੍ਰਦਾਨ ਦੇਤੇ ਭਏ। ਸ੍ਰੀ ਗੁਰੋ ਵਾਚ :—

ਹੇ ਬਾਬਾ ਜੀ ! ਜੋ ਕੋਈ ਸ਼ਰਧਾ ਕਰ ਕੇ ਇਸ ਗੁਰੂ-ਪਲਾਹ ਕਾ ਦਰਸ਼ਨ ਕਰੇਗੋ ਉਸ ਕੋ ਮੇਰੇ ਦਰਸ਼ਨ ਕਾ ਫਲ ਹੋਵੇ ਗੋ। ਕਾਹੇ ਤੇ ਜੋ ਤੁਮਾਰਾ ਹਮਾਰਾ ਈਹਾਂ ਸਮਾਗਮ ਹੂਆ ਹੈ। ਔਰ ਜੈਸੀ ਕੋਈ ਅਪਨੇ ਮਨ ਮੇਂ ਕਾਮਨਾ ਧਾਰ ਕੇ ਇਸ ਗੁਰੂ ਪਲਾਹ ਕੀ ਮਨਤਾ ਕਰੇ ਗੋ, ਦਰਸ਼ਨ ਕਰੇ ਗੋ, ਉਸ ਕੀ ਮਨਸਾ ਭੀ ਪੂਰਣ ਹੋਵੇਗੀ। ਐਸੇ ਬਚਨ ਕਰ ਕੇ ਪਰਸਪਰ ਪਰਮ ਪ੍ਰਸੰਨਤਾ ਪੂਰਬਿਕ ਅਪਨੇ ਅਪਨੇ ਡੇਰੇ ਕੋ ਏਕ ਵਾਰ ਚਲੇ ਜਾਤੇ ਭਏ। ਪੁਨਾ: ਬਾਬਾ ਜੀ ਹਜ਼ੂਰ ਕੇ ਪਾਸ ਹੀ ਰਹਿਤੇ ਭਏ। ਸਾਹਿਬ ਜੀ ਕਾ ਬੜਾ ਅਦਬ ਰਖਯਾ ਕਰੈਂ। ਇਸੀ ਰੀਤੀ ਸੇ ਜਬ ਕਿਤਨਾ ਕੁ ਕਾਲ ਵਿਤੀਤ ਹੂਆ ਤਬ ਏਕ ਦਿਨ ਬਾਬੇ ਕਲਾ ਧਾਰੀ ਸਹਿਤ ਊਨੇ ਸਾਹਿਬ ਮੇਂ ਕ੍ਰਿਪਾ ਕਰ ਕੇ ਆਇ ਪ੍ਰਾਪਤ ਹੋਤੇ ਭਏ। ਤਬ ਬਾਬੇ ਕਲਾਧਾਰੀ ਜੀ ਨੇ ਭੀ ਹਜ਼ੂਰ ਕੀ ਸੇਵਾ ਕਰਕੇ ਪ੍ਰਸੰਨ ਕਰ ਲੀਏ। ਪੁਨਾ, ਸਾਹਿਬ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਕਾ ਜਹਾਂ ਕੂਪ ਹੈ ਤਹਾਂ ਡੇਰਾ ਕਰਤੇ ਭਏ। ਤਹਾਂ ਤਿਸ ਕੂਪ ਕੇ ਸਮੀਪ ਪ੍ਰਯੰਕ ਪਰ ਬਿਰਾਜਮਾਨ ਹੋਤੇ ਭਏ ਸਹਿਤ ਬਾਬੇ ਕਲਾਧਾਰੀ ਜੀ ਕੇ।

ਸਾਹਿਬ ਪ੍ਰਤਿ ਬਾਬਾ ਕਲਾਧਾਰਯ ਵਾਚ :—ਹੇ ਗੁਰੂ ਜੀ ਜੋ ਆਪ ਨੇ ਵਰ ਪ੍ਰਦਾਨ ਕਾ ਬਚਨ ਕੀਆ ਥਾ ਸੋ

ਉਸ ਬਚਨ ਕੋ ਪੂਰਨ ਕਰਣੇ ਚਾਹੀਏ, ਆਪ ਨੇ ਤੋ ਬਡੀ ਬੇਰ ਲਗਾਈ ਹੈ। ਅਬ ਆਪ ਬੇਦੀ ਕੁਲ ਰੂਪ ਅਕਾਸ਼
ਅਪਨੇ ਆਵਰ ਭਾਵ ਰੂਪ ਪ੍ਰਕਾਸ਼ ਕਰਕੇ, ਅੰਮ੍ਰਿਤ ਰੂਪੀ ਕਿਰਣੋਂ ਸੇ ਪੂਰਣ ਕਰੋ। ਜਿਸ ਕਾਰਜ ਵਾਸਤੇ ਹਮ ਨੇ ਯ
ਅਵਤਾਰ ਧਾਰਯੋ ਹੈ ਸੋ ਕਾਰਜ ਇਸ ਸਰੀਰ ਕਰ ਕੇ ਕਰਨੇ ਦੋ, ਅਬੀ ਸ਼ੀਘਰਤਾ ਨਾ ਕਰੋ, ਬਾਬਾ ਜੀ ਪੁਨਾ: ਬੇ
ਬੰਸ ਮੇਂ ਅਵਤਰੈਂ ਗੇ, ਆਪ ਕੇ ਜੋ ਪੁਤ੍ਰ ਸ੍ਰੀ ਅਜੀਤ ਸਿੰਘ ਜੀ ਤਿਨ ਕੇ ਘਰ ਮੇਂ ਸ੍ਰੀ ਗੁਰੂ ਸਾਹਿਬ ਸਿੰਘ ਜੀ ਹਮਾ
ਨਾਮ ਹੋਵੇਗਾ। ਜਹਾਂ ਤਹਾਂ ਸਿਖੋਂ ਕੀ ਸਹਾਇਤਾ ਕਰੇਂ ਗੇ। ਸਿੰਘੋਂ ਸੇ ਭਲੀ ਪ੍ਰਕਾਰ ਸੇ ਜ਼ਾਲਮ ਤੁਰਕੋਂ ਕਾ ਨ
ਕਰਾਵੇਂ ਗੇ। ਪੁਨ:। ਔ ਬਡੋ ਤੇ ਜੋ ਮਯ ਮੇਰੋ-ਰੂਪ ਹੋਵੇ ਗੋ। ਔ ਪੂਰਣ ਆਯੁਰ, ਬਲ ਭੋਗੇਂ ਗੇ। ਜੋ ਜੋ ਕਾ
ਇਸ ਸਰੀਰ ਕਰ ਕੇ ਕਰਨੇ ਹੈਂ ਸੋ ਭੀ ਸ੍ਰਵਣ ਕਰੋ। ਪ੍ਰਥਮ ਈਹਾਂ ਅਨੰਦਪੁਰ ਮੇਂ ਹਮ ਨੇ ਬਡੇ ਯੁਧ ਕਰਨੇ ਹੈ
ਪਰਬਤੀ ਰਾਜੇ ਔ ਜ਼ਾਲਮ ਤੁਰਕ ਕਈ ਲਾਖ ਕੋ ਮਾਰ ਕੇ ਧਰਨੀ ਕਾ ਭਾਰ ਦੂਰ ਕਰਨੋਂ ਹੈਂ। ਪੁਨ: ਸ੍ਰੀ ਕ੍ਰਿ
ਚੰਦ ਕੇ ਸਮਾਨ ਅਪਨਾ ਬੰਸ ਔ ਸਰਬਸ੍ਵ ਯੁਧ ਮੇਂ ਸਮਾਪਤ ਕਰ ਕੇ ਮਾਲਵ ਦੇਸ ਕੋ ਜਾਇ ਤਾਰੇਂਗੇ। ਪੁ
ਔਰੰਗਜ਼ੇਬ ਕੋ ਮਾਰ ਕੇ ਪੁਨ: ਤਾਰਾ ਆਜ਼ਮ ਤਿਸ ਕੇ ਪੁਤਰ ਕੋ ਭੀ ਮਾਰ ਕੇ, ਤਦ ਅਨੰਤ੍ਰ ਬਹਾਦਰ ਸ਼ਾਹ
ਬਾਦਸ਼ਾਹੀ ਦੇ ਆਪ ਦਖਨ ਦੇਸ਼ ਕੋ ਜਾਇ ਕੇ ਕੇਈ ਦਿਨ ਗੋਦਾਵਰੀ ਗੰਗਾ ਕੇ ਤੀਰ ਬਿਲਾਸ ਕਰ ਕੇ ਪੁਨ:
ਸਰੀਰ ਕੋ ਅੰਤ੍ਰ ਧਯਾਨ ਕਰ ਕੇ, ਏਕਵਾਰ ਸਚ ਖੰਡ ਕੋ ਜਾਇ ਕੇ, ਪੁੰਨ: ਬੇਦੀ ਬੰਸ਼ ਮੇ ਅਵਤਰੈਂ ਗੇ।

ਐਸੇ ਬਾਬੇ ਕਲਾਧਾਰੀ ਜੀ ਕੋ ਭਾਵੀ ਕਥਾ ਸੂਚਨ ਕਰਾਇਕੇ ਪੁਨ: ਦਸਮੇਸ਼ ਜੀ ਨੇ ਬਚਨ ਕੀਆ, ਹੇ
ਜੀ ਇਸ ਛੇਵੇਂ ਪਾਤਸ਼ਾਹ ਜੀ ਕੇ ਕੂਪ ਪਰ ਹਮ ਤੁਮ ਮਿਲ ਕੇ ਏਕ ਨਿਸ਼ਾਨੀ ਕਰੇਂ ਜੈਸੇ ਆਪ ਕੋ ਪ੍ਰਤੀਤ ਆ
ਔ ਜਿਸ ਕਾ ਦਰਸ਼ਨ ਕਰਨ ਮਾਤਰ ਸੇ ਜੀਵ ਜਮ ਕੀ ਤਲਬ ਸੇ ਛੂਟ ਜਾਵੇਂਗੇ। ਐਸੇ ਬਚਨ ਕਰ ਕੇ ਪਾਂਚ ਗੁ
ਆਮ ਕੀ ਮੰਗਾਤੇ ਭਏ ਔ ਏਕ ਗਲਗਲ ਕਾ ਬੂਟਾ ਭੀ ਮੰਗਵਾਏ ਕੇ ਸੋ ਦੋਨੋਂ ਮਿਲ ਕੇ ਤਿਸ ਕੂਪ ਕੇ ਉ
ਲਗਾਏ ਦੇਤੇ ਭਏ। ਕੂਪ ਕੀ ਵਾਰਨੀ ਦਿਸ਼ਾ ਮੇਂ। ਤਦਨੰਤ੍ਰ ਯੇਵਰ ਦੇਤੇ ਭਏ ਜੋ ਕੋਈ ਸ਼ਰਧਾ ਭਗਤੀ ਕਰਕੇ,
ਹਮਾਰੇ ਲਗਾਏ ਹੂਏ ਪਾਦਪੋਂ ਕਾ ਦਰਸ਼ਨ ਕਰੇ ਗੋ। ਮੇਰਾ ਧਯਾਨ ਕਰਕੇ ਪੰਚਾਮ੍ਰਿਤ ਕਰਾਏ ਕੇ ਵਰਤਾਵੈਂਗੋ ਉਸ
ਜਮ ਕਾ ਦਰਸ਼ਨ ਨਹੀਂ ਹੋਵੈਗੋ। ਅਰਥਾਤ ਉਹ ਗੁਰੂ ਜੀ ਕੀ ਪੁਰੀ ਮੇਂ ਅੰਤ ਕੋ ਪ੍ਰਾਪਤ ਹੋਵੇਗੋ। ਐਸੇ ਵਰਦਾ
ਕੇ ਬਾਬਾ ਜੀ ਕੋ ਪ੍ਰਣਾਮ ਕਰ ਕੇ, ਸਾਹਿਬ ਸ੍ਰੀ ਅਨੰਦਪੁਰ ਕੋ ਗਮਨ ਕਰ ਜਾਤੇ ਭਏ।

ਵਹੁ ਸ੍ਰੀ ਗੁਰੂ ਜੀ ਕੀ ਨਿਸ਼ਾਨੀ ਆਜ ਪ੍ਰਯੰਤ ਸ੍ਰੀ ਊਨੇ ਸਾਹਿਬ ਮੇਂ ਮੌਜੂਦ ਹੈ। ਸਿੱਖ ਸੰਗਤਾਂ ਦਰਸ਼ਨ ਕ
ਨਿਤਾਂ ਚਾਹਤੇ ਹੈਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੈਸੇ ਜਿਸ ਕਾਰਨ ਸੇ ਪੁਨ: ਬੇਦੀ ਬੰਸ ਮੇਂ, ਸ੍ਰੀ ਗੁਰੂ ਸਾਹਿਬ
ਜੀ ਰੂਪ ਕਰਕੇ ਅਵਤਰੇ ਹੈਂ ਸਾ ਕਥਾ ਜੈਸੇ ਬ੍ਰਿਧ ਗੁਰੂਆਂ ਕੇ ਮੁਖਾਰਬਿੰਦ ਸੇ ਸ੍ਰਵਣ ਕਰੀ ਹੈ ਸੋ ਤੋ ਹਮ ਨੇ ਸੁ
ਈ ਹੈ।

(ਉਪਰੋਕਤ ਸਾਰਾ ਪ੍ਰਸੰਗ "ਬੀਰ ਮ੍ਰਿਗੇਸ਼" ਗ੍ਰੰਥ ਵਿਚੋਂ ਲੈ ਹੂ-ਬ-ਹੂ ਦਿੱਤਾ ਹੈ। ਇਹ ਗ੍ਰੰਥਕਾਰ
ਵੀਚਾਰ ਹਨ।)


❖

## ਸ਼ੁਭ ਅਨੰਦ ਕਾਰਜ

28 ਫ਼ਰਵਰੀ ਨੂੰ ਚੰਡੀਗੜ੍ਹ ਵਿਖੇ ਗੁਰੂ ਕਰਮ ਸਿੰਘ ਜੀ ਸੋਢੀ ਹਰ ਸਹਾਏ ਵਾਲਿਆਂ ਦੀ ਪੋਤਰੀ ਦਾ
ਅਨੰਦ ਕਾਰਜ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਊਨਾ ਸਾਹਿਬ ਵਾਲਿਆਂ ਨੇ ਪੂਰਨ ਗੁਰਮਤਿ ਮਰਯਾਦਾ ਅਨੁਸ
ਕਰਵਾਕੇ ਜੋੜੀ ਨੂੰ ਅਸ਼ੀਰਵਾਦ ਦਿੱਤੀ।

# ਬਾਬਾ ਸਾਹਿਬ ਸਿੰਘ ਜੀ ਬੇਦੀ ਦੇ

# ਦਮਦਮੇ



(ਵਲੋਂ ਪ੍ਰਿੰਸੀਪਲ ਰਾਜਿੰਦਰ ਸਿੰਘ 'ਮਕਰੰਦ' ਪੀ.ਈ.ਐਸ. ਨਾਭਾ)

ਸਿਖ ਮਿਸਲਾਂ ਦੇ ਜਦੋਂ ਅੰਕੁਰ ਜਮੇਂ।
ਲੋੜ ਸੀ ਰਾਖੀ ਦੀ ਉਸ ਦੀ ਨਾਜ਼ਕ ਸਮੇਂ।
ਜਿਸ ਨੇ ਕੋਮਲ ਕੌਂਪਲਾਂ ਨੂੰ ਪਾਲਿਆ,
ਓਸ ਮਾਲੀ ਨੂੰ ਮਿਰੀ ਨਮੋ ਨਮੇਂ।

—o—

ਜਿਨ੍ਹਾਂ ਨੇ ਮੁਠੀ ਦੇ ਵਿਚ ਬੋਚੇ ਸਮੇਂ।
ਕੌਮ ਦੇ ਪਿਘਲਾਏ ਜਿਨ੍ਹਾਂ ਲਹੂ ਜਮੇਂ।
ਘਾਲੀਆਂ ਘਾਲਾਂ ਨ ਇਕ ਪਲ ਦਮ ਲਿਆ,
ਉਨ੍ਹਾਂ ਲਈ ਹੀ ਉਸਰਦੇ ਹਨ ਦਮ-ਦਮੇਂ।

—o—

ਖ਼ਾਲਸੇ ਦੇ ਰੋਮ ਰੋਮ ਅੰਦਰ ਰਮੇਂ।
ਏਦਾਂ ਚਮਕੇ ਜਿਦਾਂ ਚਮਕਣ ਚੰਦਰਮੇਂ।
ਧਨੀ ਤੇ ਪੁਠੋਹਾਰ, ਮਾਝਾ, ਮਾਲਵਾ,
ਸਭ ਜਗ੍ਹਾ ਹਨ ਦਮਦਮੇਂ ਹੀ ਦਮਦਮੇਂ।

—o—

ਕੜਕਦੇ ਤੂਫ਼ਾਨ ਉਨ੍ਹਾਂ ਨੇ ਥਮੇਂ।
ਕੌਮ ਦੇ ਰੋਸ਼ਨ ਹੀ ਰਖੇ ਕਮ-ਕਮੇਂ।
ਪੰਥ ਦਾ ਭੀ ਫ਼ਰਜ਼ ਹੈ 'ਮਕਰੰਦ' ਜੀ,
ਸਾਂਭ ਕੇ ਰਖੇ ਉਨ੍ਹਾਂ ਦੇ ਦਮ-ਦਮੇਂ।

# ਮਨਸੂਰਾਂ, ਰਾਇਪੁਰ, ਰਾਇਕੋਟ ਤੇ ਕੋਟਲੇ ਦੀ ਰਾਂਗਲੀ ਧਰਤੀ

( ਗਿਆਨੀ ਅਜਮੇਰ ਸਿੰਘ ਜੀ ਐਮ. ਏ; ਲੋਹਗੜ੍ਹ ਜ਼ਿਲਾ ਲੁਧਿਆਣਾ )

ਮਹਾਂ ਪੁਰਸ਼ਾਂ ਦੀ ਚਰਨ ਛੁਹ, ਉਜਾੜ ਪਏ ਵੈਰਾਨਿਆਂ ਵਿਚ ਛਹਿਬਰ ਲਗਾ ਦਿੰਦੀ ਹੈ। ਜਿਨ੍ਹਾਂ ਥਾਵਾਂ ਵਿਚ ਕਦੀ ਕੋਈ ਰੌਣਕ ਨਾ ਹੋਈ ਹੋਵੇ, ਕਦੀ ਕਿਸੇ ਅਣੋਖੇ ਰਾਗ ਦਾ ਨਾਦ ਨਾ ਸੁਣਿਆ ਗਿਆ ਹੋਵੇ ਤੇ ਜਿਥੋਂ ਦੇ ਚਮਨ ਵਿਚ ਕਦੀ ਕੋਈ ਬਹਾਰ ਨਾ ਖਿੜੀ ਹੋਵੇ, ਜੇ ਕਿਧਰੇ ਚੰਗੇ ਭਾਗਾਂ ਨਾਲ ਉਨ੍ਹਾਂ ਉਜਾੜ ਬੀਆਬਾਨਾਂ ਵਿਚ ਕਿਸੇ ਰਾਂਗਲੇ ਦਿਲ ਵਾਲੇ ਹਰੀ ਦੇ ਰੰਗ ਵਿਚ ਰੰਗੇ ਹੋਏ ਪ੍ਰਭੂ-ਪ੍ਰੇਮੀ ਦੇ ਚਰਨਾਂ ਦੇ ਪਰਸਣ ਦਾ ਸੁਭਾਗ ਪ੍ਰਾਪਤ ਹੋ ਜਾਵੇ ਤਾਂ ਚਾਣਚੱਕ ਹੀ, ਮੁਰਦਾ ਪਈ ਮਿਟੀ ਵਿਚ ਨਵੀਂ ਜਿੰਦ ਪੈ ਜਾਂਦੀ ਹੈ। ਮੁਰਝਾਏ ਸ਼ਗੂਫੇ ਚਹਿਕ ਉਠਦੇ ਨੇ। ਸਾਰੀ ਧਰਤੀ ਅਨੂਠੀ ਮਸਤੀ ਵਿਚ ਮੁਗਧ ਹੋ ਉਠਦੀ ਹੈ। ਗੁਲਸ਼ਨਾਂ ਦੀ ਗਹਿਮਾ ਗਹਿਮ ਤੇ ਰਸ ਭਿੰਨੀ ਮਹਿਕ ਨਾਲ ਸਾਰਾ ਵਾਤਾਵਰਨ ਅਨੰਦਮਈ ਬਣ ਜਾਂਦਾ ਹੈ।

ਇਹ ਖੁਸ਼ੀ ਦੀ ਗਲ ਹੈ ਕਿ ਇਸ ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਨੇ, ਕਈ ਸੂਰਬੀਰਾਂ, ਮਹਾਂ ਪੁਰਸ਼ਾਂ, ਪ੍ਰਭੂ-ਪ੍ਰੇਮੀਆਂ, ਦੇਸ਼ ਭਗਤਾਂ, ਵਲੀ ਔਲੀਆਂ ਤੇ ਪੀਰ ਪੈਗੰਬਰਾਂ ਨੂੰ ਜਨਮ ਦਿਤਾ ਹੈ। ਮਹਾਨ ਪੂਜਨੀਕ ਹਸਤੀ, ਪਰਮ ਸਤਿਕਾਰਯੋਗ ਪੂਜਨੀਯ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਇਸੇ ਪੰਜਾਬ ਵਿਚ ਅਵਤਾਰ ਧਾਰਿਆ। ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬੇਦੀ ਖਾਨਦਾਨ ਦੇ ਸਦਾ ਚਮਕਦੇ ਰਹਿਣ ਵਾਲੇ ਸਤਾਰੇ ਹਨ। ਆਪ ਨੇ ਸਿਖੀ ਸ਼ਾਨ ਨੂੰ ਬਰਕਰਾਰ ਰਖਣ ਲਈ ਅਨੇਕਾਂ ਕਾਰਨਾਮੇ ਕਰਕੇ ਵਿਖਾਏ। ਆਪ ਸਾਰੇ ਪੰਜਾਬ ਵਿਚ ਵਿਚਰਦੇ ਸਨ। ਹਰ ਥਾਂ ਪਹੁੰਚ ਕੇ ਗੁਰੂ ਦੀ ਬਾਣੀ ਦਾ ਪ੍ਰਚਾਰ ਕਰਦੇ। ਸਿਖੀ ਆਦਰਸ਼ ਨੂੰ ਸਾਕਾਰ ਰੂਪ ਵਿਚ ਉਜਾਗਰ ਕਰਨਾ, ਆਪ ਜੀ ਦੇ ਜੀਵਨ ਦਾ ਵਡਾ ਉਦੇਸ਼ ਸੀ। ਸ੍ਰੀ ਹਜ਼ੂਰ ਜੀ ਸਚਮੁਚ ਹੀ ਰਾਜ ਜੋਗੀ ਸਨ। ਸਚੇ ਪਾਤਸ਼ਾਹ ਦੀ ਅਪਾਰ ਬਖਸ਼ਿਸ਼ ਸਦਕਾ ਆਪ ਤੇਜਸ੍ਵੀ ਪਰਤਾਪ ਦੇ ਮਾਲਕ ਸਨ। ਆਪ ਹਰ ਸਮੇਂ ਨਾਮ ਬਾਣੀ ਦਾ ਸਿਮਰਨ ਕਰਦੇ ਤੇ ਜੇ ਕਦੀ ਰਣਭੂਮੀ ਵਿਚ ਕਰਾਰੇ ਹੱਥਾਂ ਨਾਲ ਮੁਕਾਬਲਾ ਕਰਕੇ, ਕਿਸੇ ਸਿਰਫਿਰੇ ਵੈਰੀ ਦੇ ਵਿਗੜੇ ਹੋਏ ਦਿਮਾਗ ਨੂੰ ਦਰੁਸਤ ਕਰਨ ਦੀ ਲੋੜ ਪੈਂਦੀ ਤਾਂ ਆਪ ਖੰਡਾ ਖੜਕਾਉਣ ਲਈ ਵੀ ਹਰ ਸਮੇਂ ਤਿਆਰ ਰਹਿੰਦੇ। ਆਪ ਨੇ ਇਕ ਵਡੀ ਫ਼ੌਜ ਆਪਣੇ ਕੋਲ ਰਖੀ ਹੋਈ ਸੀ। ਗਰੀਬਾਂ ਦੀ ਮਦਦ ਕਰਨਾ, ਦੁਖੀ ਲੋਕਾਂ ਦੀ ਸਹਾਇਤਾ ਲਈ ਹਰ ਸਮੇਂ ਤਿਆਰ ਰਹਿਣਾ, ਇਹ ਆਪ ਜੀ ਦਾ ਖਾਸ ਪ੍ਰੋਗਰਾਮ ਸੀ।

### ਮਲੇਰ ਕੋਟਲੇ ਦੀ ਲੜਾਈ:—

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਈਧਾਰ ਦੇ ਪਹਾੜੀ ਰਾਜਿਆਂ ਦੀਆਂ ਝੂਠੀਆਂ ਕਸਮਾਂ ਉਪਰ ਯਕੀਨ ਕਰਕੇ, *ਅਨੰਦਪੁਰ ਸਾਹਿਬ ਦੇ ਕਿਲੇ ਨੂੰ ਛਡ ਕੇ ਤੁਰਨ ਲਗੇ ਤਾਂ ਆਪ ਜੀ ਨਾਲ ਕੋਈ ਲਾਉ-ਲਸ਼ਕਰ ਜਾਂ ਵ

---

ਮੈਕਾਲਫ਼ ਲਿਖਦਾ ਹੈ ਕਿ ਪਹਾੜੀ ਰਾਜਿਆਂ ਨੇ ਇਹ ਗਲ ਭਾਂਪ ਲਈ ਸੀ ਕਿ ਜੇ ਅਸੀਂ ਰਲ ਮਿਲ ਕੇ ਕੋ ਉਪਾਉ ਨਾ ਕੀਤਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀਂ ਆਪਣੇ ਰਾਜ ਕਾਜ ਤੋਂ ਹਥ ਧੋ ਬੈਠਾਂਗੇ ਤੇ ਸਿ ਫ਼ੌਜਾਂ ਸਾਰੀਆਂ ਪਹਾੜੀ ਰਿਆਸਤਾਂ ਉਪਰ ਕਾਬਜ਼ ਹੋ ਜਾਣਗੀਆਂ। ਅਨੰਦਪੁਰ ਸਾਹਿਬ ਦੀ ਧਰਤੀ, ਸ੍ਰੀ ਗ ਤੇਗ ਬਹਾਦਰ ਜੀ ਮਹਾਰਾਜ ਨੇ 66 ਹਜ਼ਾਰ ਰੁਪਿਆ ਨਕਦ ਅਦਾ ਕਰਕੇ ਮੁਲ ਖਰੀਦੀ ਸੀ। ਸੁਰਖਸ਼ਾ ਦੀ ਦ੍ਰਿਸ਼ ਤੋਂ, ਆਲੇ ਦੁਆਲੇ ਪਹਾੜਾਂ ਦਾ ਘੇਰਾ ਹੋਣ ਕਰਕੇ, ਇਸ ਥਾਂ ਨੂੰ ਮਹਿਫੂਜ਼ ਸਮਝਿਆ ਗਿਆ। ਦਸਮੇਸ਼ ਜੀ ਨੇ ਸਿਖ ਫ਼ੌਜਾਂ ਨੂੰ ਰਖਣ ਲਈ ਇਕ ਕਿਲ੍ਹਾ ਬਣਵਾਇਆ। ਰਣਜੀਤ ਨਗਾਰੇ ਦੀ ਗੂੰਜ ਕਈ ਕਈ ਮੀ ਤਕ ਦਹਿਲ ਪੈਦਾ ਕਰ ਦਿੰਦੀ ਸੀ। ਪਹਾੜੀ ਰਾਜੇ ਇਸ ਘਨਘੋਰ ਅਵਾਜ਼ ਨੂੰ ਸੁਣ ਕੇ ਥਰ ਥਰ ਕੰਬਦੇ ਸ ਉਹਨਾਂ ਨੇ ਦਿਲੀ ਦੇ ਬਾਦਸ਼ਾਹ ਔਰੰਗਜ਼ੇਬ ਕੋਲ ਚੁਗਲੀਆਂ ਕੀਤੀਆਂ। ਕਈ ਅਰਜ਼ੀਆਂ ਦਿਤੀਆਂ। ਪਹਾ ਫ਼ੌਜਾਂ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਇਸ ਤਰ੍ਹਾਂ ਅਜੇਹੇ ਹਾਲਾਤ ਪੈਦਾ ਹੋ ਗਏ, ਜਿਨ੍ਹਾਂ ਕਰਕੇ ਗੁਰੂ ਜੀ ਕਿਲ੍ਹਾ ਛਡਣਾ ਪਿਆ।

ਫ਼ੌਜ ਨਹੀਂ ਸੀ। ਕੇਵਲ ਮੁਠੀ ਭਰ ਸਿੰਘ ਆਪ ਜੀ ਦੇ ਨਾਲ ਸਨ। ਜਾਂ ਉਹ ਸੇਵਾਦਾਰ ਸਨ, ਜਿਹੜੇ ਹਰ ਸਮੇਂ ਪਾਤਸ਼ਾਹ ਦੀ ਹਜ਼ੂਰੀ ਵਿਚ ਰਹਿ ਕੇ ਸੇਵਾ ਕਰਨ ਦਾ ਲਾਹਾ ਪ੍ਰਾਪਤ ਕਰਦੇ ਹੁੰਦੇ ਸਨ। ਜਦੋਂ ਸਰਸਾ ਨਦੀ ਦੇ ਨੇੜੇ ਪਹੁੰਚੇ ਤਾਂ ਭਾਰੀ ਤੂਫ਼ਾਨ ਆ ਗਿਆ। ਮੀਂਹ, ਹਨੇਰੀ ਤੇ ਝਖੜ ਨੇ ਸਭਨਾਂ ਨੂੰ ਇਕ ਦੂਜੇ ਨਾਲੋਂ ਜੁਦਾ ਕਰ ਦਿਤਾ। ਨਦੀ ਵਿਚ ਭਾਰੀ ਹੜ੍ਹ ਆ ਗਿਆ। ਛੋਟੇ ਸਾਹਿਬਜ਼ਾਦੇ ਬਾਬਾ ਫ਼ਤਹਿ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਮਾਤਾ ਜੀ ਦੇ ਨਾਲ ਇਕੱਲੇ ਰਹਿ ਗਏ। ਬੜਾ ਬਿਖੜਾ ਸਮਾਂ ਸੀ। ਇਹ ਮਜਬੂਰ ਹੋ ਕੇ ਗੰਗੂ ਬ੍ਰਾਹਮਣ ਦੇ ਨਾਲ ਤੁਰ ਪਏ, ਜਿਹੜਾ ਕਿ ਗੁਰੂ ਜੀ ਦਾ ਲਾਂਗਰੀ ਹੁੰਦਾ ਸੀ। ਇਸ ਮੌਕੇ ਇਕ ਹੋਰ ਮਾਈ ਜੀ, ਸਾਰਿਆਂ ਨਾਲੋਂ ਵਿਛੜ ਕੇ ਇਕੱਲੇ ਰਹਿ ਗਏ। ਨਵਾਬ ਮਲੇਰ ਕੋਟਲੇ ਦੇ ਸਿਪਾਹੀਆਂ ਨੇ ਇਸ ਨੂੰ ਗ੍ਰਿਫ਼ਤਾਰ ਕਰ ਲਿਆ। ਕਈਆਂ ਨੂੰ ਭੁਲੇਖਾ ਲਗਿਆ ਕਿ ਸ਼ਾਇਦ ਇਹ ਮਾਤਾ ਜੀ, ਦਸਮ ਗੁਰੂ ਜੀ ਦੇ ਮਹਲ ਸਨ। ਪਰ ਇਤਿਹਾਸਕ ਤੌਰ ਤੇ ਕਿਧਰੋਂ ਇਸ ਗਲ ਦੀ ਪੁਸ਼ਟੀ ਨਹੀਂ ਹੁੰਦੀ। ਆਮ ਵਿਚਾਰ ਇਹੀ ਹੈ ਕਿ ਇਹ ਮਾਈ, ਗੁਰੂ ਘਰ ਦੀ ਕੋਈ ਸੇਵਕਾ ਸੀ ਤੇ ਅਨੰਦਪੁਰ ਸਾਹਿਬ ਵਿਖੇ, ਸਚੇ ਪਾਤਸ਼ਾਹ ਦੀ ਅਥਵਾ ਸਿਖ ਸੰਗਤਾਂ ਦੀ ਸੇਵਾ ਕਰਦੀ ਹੁੰਦੀ ਸੀ। ਸਮੂਹ ਸੰਗਤ ਇਸ ਮਾਈ ਨੂੰ ਸਤਿਕਾਰ ਵਜੋਂ 'ਮਾਤਾ ਜੀ' ਕਹਿ ਕੇ ਬੁਲਾਂਦੀ ਸੀ। ਮਲੇਰ ਕੋਟਲੇ ਦੇ ਅਫ਼ਗਾਨ ਹਾਕਮ ਸ਼ਾਹ ਮੁਹੰਮਦ ਨੇ ਇਸ ਮਾਈ ਨੂੰ ਕਈ ਪ੍ਰਕਾਰ ਦੇ ਤਸੀਹੇ ਦਿਤੇ ਤਾਂ ਜੁ ਇਹ ਸਿਖ ਧਰਮ ਦਾ ਤਿਆਗ ਕਰ ਕੇ ਇਸਲਾਮ ਮਤ ਨੂੰ ਧਾਰਣ ਕਰ ਲਵੇ। ਪਰ ਇਸ ਅਣਖੀਲੀ ਮਾਤਾ ਨੇ ਦਸਮੇਸ਼ ਗੁਰੂ ਦੇ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ ਸੀ। ਇਸ ਵਿਚ ਸ਼ੇਰਨੀ ਜੈਸੀ ਸ਼ਕਤੀ ਸੀ। ਇਸ ਦੀ ਅਣਖ ਅਤੇ ਹਿੰਮਤ ਬਲਵਾਨ ਸੀ। ਇਸ ਨੇ ਕਿਸੇ ਵੀ ਵਡੇ ਤੋਂ ਵਡੇ ਦੁਖ ਜਾਂ ਤਸੀਹੇ ਦੀ ਕੋਈ ਪਰਵਾਹ ਨਾ ਕੀਤੀ। 'ਸਿਰ ਜਾਵੇ ਤਾਂ ਜਾਵੇ, ਸਿਖੀ ਸਿਦਕ ਨਾ ਜਾਵੇ' ਦੇ ਕਥਨੁ ਅਨੁਸਾਰ ਇਸ ਸੂਰਬੀਰ ਮਾਤਾ ਨੇ, ਦੁਖਾਂ ਦਰਦਾਂ ਦੇ ਅਨਗਿਣਤ ਬੋਝ ਹੇਠਾਂ ਆਪਣੇ ਪ੍ਰਾਣ ਤਾਂ ਤਿਆਗ ਦਿਤੇ ਪਰ ਆਪਣੇ ਪ੍ਰਣ ਨੂੰ ਨਾ ਛਡਿਆ। ਇਹ ਸ਼ਹੀਦੀ ਪ੍ਰਾਪਤ ਕਰ ਗਈ। ਮਲੇਰ ਕੋਟਲੇ ਦੇ ਕਿਲ੍ਹੇ ਦੀ ਕੈਦ ਵਿਚ, ਇਸ ਦੇ ਪੰਜ ਭੌਤਿਕ ਸਰੀਰ ਵਿਚੋਂ, ਸੁਆਸਾਂ ਦੇ ਭੰਡਾਰ ਦਾ ਸਦਾ ਲਈ ਖਾਤਮਾ ਹੋ ਗਿਆ। ਇਸਦੇ ਸਰੀਰ ਨੂੰ ਦਫ਼ਨਾ ਦਿਤਾ ਗਿਆ। ਜਦੋਂ ਬਾਬਾ ਸਾਹਿਬ ਸਿੰਘ ਜੀ ਨੂੰ ਇਸ ਹਿਰਦੇ ਵੇਧਿਕ ਦਰਦਨਾਕ ਘਟਨਾ ਦਾ ਪਤਾ ਲਗਿਆ ਤਾਂ ਆਪ ਜ਼ੀ ਦੇ ਪਾਕ ਪਵਿਤ੍ਰ ਹਿਰਦੇ ਵਿਚ ਇਕ ਝਰਨਾਹਟ ਛਿੜ ਗਈ। ਆਪ ਇਸ ਦੁਖਦਾਈ ਘਟਨਾ ਨੂੰ ਸਹਿਨ ਨਾ ਕਰ ਸਕੇ।

ਹਜ਼ੂਰ ਨੇ ਜ਼ਾਲਮ ਸ਼ੇਰ ਅਫ਼ਗਾਨ ਨੂੰ ਸੁਨੇਹਾ ਭੇਜਿਆ ਕਿ "ਤੁਸੀਂ ਇਕ ਪਾਕ ਪਵਿਤਰ ਦੇਵੀ ਨੂੰ ਅਣਗਿਣਤ ਤਸੀਹੇ ਦੇ ਕੇ, ਅਗਲੇ ਪਿਛਲੇ ਅਤਿਆਚਾਰਾਂ ਦਾ ਰੇਕਾਰਡ ਮਾਤ ਕਰ ਦਿਤਾ ਹੈ। ਇਹ ਚੰਗਾ ਨਹੀਂ ਕੀਤਾ। ਅਸੀਂ ਹੋਰ ਤਾਂ ਕੁਛ ਨਹੀਂ ਕਹਿਣਾ ਪਰ ਇਕ ਮੰਗ ਜ਼ਰੂਰ ਹੈ ਕਿ ਤੁਸੀਂ ਇਸ ਮਾਈ ਦੀਆਂ ਅਸਤੀਆਂ ਸਾਨੂੰ ਭੇਜ ਦੇਵੋ ਤਾਂ ਜੁ ਇਸ ਦੇ ਹਡ ਨਾੜੀ ਦੇ ਪਿੰਜਰ ਨੂੰ ਸਿਖੀ ਸੰਸਕਾਰਾਂ ਅਨੁਸਾਰ ਸਸਕਾਰ ਕਰ ਦਈਏ।" ਪਰ ਸ਼ੇਰ ਅਫ਼ਗਾਨ ਤਾਂ ਆਪਣੇ ਆਪ ਨੂੰ ਵਡਾ ਖਬੀ-ਖਾਨ ਸਮਝਦਾ ਸੀ। ਉਹ ਹੰਕਾਰ ਦਾ ਭਰਿਆ ਹੋਇਆ ਸੀ। ਉਹ ਕਿਸੇ ਵੀ ਬੇਨਤੀ ਨੂੰ ਸੁਣਨ ਲਈ ਜਾਂ ਕਿਸੇ ਮੰਗ ਨੂੰ ਮੰਨਣ ਲਈ ਤਿਆਰ ਨਹੀਂ ਸੀ। ਮਹਾਨ ਪ੍ਰਉਪਕਾਰੀ ਬਾਬਾ ਜੀ ਨੇ ਦੋ ਤਿੰਨ ਵੇਰੀਂ ਸੁਨੇਹੇ ਭੇਜੇ ਪਰ ਕੋਟਲੇ ਦੇ ਨਵਾਬ ਨੇ ਇਨ੍ਹਾਂ ਨੂੰ ਅਣਸੁਣੇ ਕਰ ਦਿਤਾ। ਸ਼ੇਰ ਅਫ਼ਗਾਨ ਮਰ ਗਿਆ। ਉਸ ਦਾ ਪੋਤਰਾ ਅਤਾਉਲਾ ਖਾਂ ਗੱਦੀ ਉੱਪਰ ਬੈਠਿਆ। ਬਾਬਾ ਜੀ ਨੇ ਇਸ ਨੂੰ ਵੀ ਇਕ ਦੋ ਵੇਰੀ ਸੁਨੇਹਾ ਭੇਜਿਆ ਕਿ ਉਸ ਬੇਤਕਸੀਰ ਮਾਈ ਦੀਆਂ ਹੱਡੀਆਂ ਸਾਨੂੰ ਵਾਪਸ ਕਰ ਦਿਤੀਆਂ ਜਾਣ। ਪਰ ਅਤਾਉਲਾ ਖਾਂ ਵੀ ਅਭਿਮਾਨ ਵਿਚ ਮਤਿਆ ਹੋਇਆ ਸੀ। ਉਸ ਨੇ ਕੋਈ ਪਰਵਾਹ ਨ ਕੀਤੀ।

ਸਬਰ ਦੀ ਵੀ ਕੋਈ ਹੱਦ ਹੁੰਦੀ ਹੈ। ਅਖੀਰ ਬਾਬਾ ਜੀ ਨੇ ਮਜਬੂਰ ਹੋ ਕੇ, ਭਗਾਉਤੀ ਦੀ ਸ਼ਰਨ ਪਕੜੀ। ਅਪਣੀ ਫ਼ੌਜ ਨੂੰ ਇਕੱਠਾ ਕਰ ਲਿਆ। ਸ: ਹਰੀ ਸਿੰਘ ਤੇ ਸ: ਦਰਬਾਰਾ ਸਿੰਘ ਜਿਹੜੇ ਕਿ ਮਾਲਵੇ ਦੇ ਇਲਾਕੇ ਦੇ ਮੰਨੇ ਪ੍ਰਮੰਨੇ ਸਰਦਾਰ ਸਨ—ਇਨ੍ਹਾਂ ਨੇ ਬਾਬਾ ਜੀ ਦਾ ਪੂਰਾ ਪੂਰਾ ਸਾਥ ਦਿਤਾ। ਅਰਦਾਸਾ ਸੋਧਕੇ ਚੜ੍ਹਾਈ ਕੀਤੀ

ਗਈ। ਅਤਾਉਲਾ ਖਾਂ ਬੜੇ ਰੋਹ ਨਾਲ ਮੈਦਾਨ ਵਿਚ ਆਇਆ, ਪਰ ਜਦੋਂ ਇਸ ਨੇ ਸਿਖ ਸੂਰਬੀਰਾਂ ਦੇ ਦਣ-ਦਣਾਂਦੇ ਹਮਲਿਆਂ ਦਾ ਮੁਕਾਬਲਾ ਕਰਣੋਂ ਬੇਬਸੀ ਪ੍ਰਗਟ ਕੀਤੀ ਤਾਂ ਇਸ ਦਾ ਦਿਲ ਕੰਬ ਗਿਆ। ਮਲੇਰੀਆਂ ਦੇ ਪੈਰ ਉਖੜ ਗਏ। ਕਈ ਦਿਨ ਗਹਿਗੱਚ ਲੜਾਈ ਹੁੰਦੀ ਰਹੀ। ਅਖੀਰ ਇਕ ਦਿਨ—ਰਣ ਭੂਮੀ ਵਿਚ ਘੋੜੇ ਉੱਤੇ ਸਵਾਰ ਹੋਏ ਸ੍ਰੀ ਹਜ਼ੂਰ ਬਾਬਾ ਜੀ ਉਥੇ ਆ ਪਹੁੰਚੇ ਜਿਥੇ ਕਿ ਅਤਾਉਲਾ ਆਪਣਾ ਪੂਰਾ ਤਾਣ ਲਾਕੇ ਲੜਾਈ ਲੜ ਰਿਹਾ ਸੀ। ਬਾਬਾ ਜੀ ਨੇ ਇਕ ਤੀਰ ਨਿਸ਼ਾਨੇ ਉਪਰ ਕਸਿਆ ਤੇ ਐਸੇ ਜ਼ੋਰ ਦਾ ਚਿੱਲਾ ਖਿਚਿਆ ਕਿ ਅਤਾਉਲਾ ਖਾਂ ਧੜਾਮ ਕਰਕੇ ਧਰਤੀ ਉਪਰ ਡਿਗਿਆ ਤੇ* ਉਸ ਦੇ ਡਿਗਦੇ ਦੇ ਹੀ ਸੁਆਸ ਖਤਮ ਹੋ ਗਏ।

ਦੂਸਰੇ ਦਿਨ ਇਸ ਸ਼ਾਨਦਾਰ ਜਿੱਤ ਦੀ ਖੁਸ਼ੀ ਵਿਚ ਦੀਵਾਨ ਸਜਾਇਆ ਗਿਆ। ਸ਼ਬਦ ਕੀਰਤਨ ਤੋਂ ਉਪਰੰਤ, ਸ਼ਹੀਦ ਹੋਏ ਸਿੰਘਾਂ ਦੀ ਆਤਮਾ ਹਿਤ, ਸ੍ਰੀ ਬਾਬਾ ਜੀ ਨੇਖੁਦ ਅਰਦਾਸਾ ਸੋਧਿਆ। ਕੜਾਹ ਪਰਸ਼ਾਦ ਦੀ ਦੇਗ ਵਰਤਾਈ ਗਈ। ਅਜੇ ਆਪ ਸ਼ਹੀਦਾਂ ਦੇ ਸੂਰਮਗਤੀ ਭਰੇ ਕਾਰਨਾਮਿਆਂ ਦੀ ਸ਼ਲਾਘਾ ਹੀ ਕਰ ਰਹੇ ਸਨ ਕਿ ਨਵਾਬ ਅਤਾਉਲਾ ਖਾਂ ਦੀ ਬੇਗਮ ਤੇ ਉਸਦਾ ਨਾਬਾਲਗ ਪੁਤਰ ਰਹਿਮਤ ਖਾਂ, ਧਾਹਾਂ ਮਾਰਦੇ ਦਰਬਾਰ ਵਿਚ ਹਾਜ਼ਰ ਹੋਏ। ਆਪਣੇ ਗੁਨਾਹਾਂ ਦੀ ਮੁਆਫ਼ੀ ਮੰਗੀ। ਬੇਗਮ ਨੇ ਤਰਲਾ ਕੀਤਾ ਕਿ ਉਸ ਨੂੰ ਬਖਸ਼ ਦਿਤਾ ਜਾਵੇ। ਬਾਬਾ ਜੀ ਦਾ ਹਿਰਦਾ ਦ੍ਰਵ ਗਿਆ। ਉਨ੍ਹਾਂ ਨੇ ਬੇਗਮ ਨੂੰ ਹੌਸਲਾ ਦਿਤਾ। ਰਹਿਮਤ ਅਲੀ ਖਾਂ ਨੂੰ ਗੱਦੀ ਉੱਪਰ ਬਿਠਾ ਦਿਤਾ ਤੇ ਹਰ ਪ੍ਰਕਾਰ ਦੀ ਸਹਾਇਤਾ ਕਰਣ ਦਾ ਯਕੀਨ ਦੁਆਇਆ।

ਇਥੋਂ ਆਪ ਪਿੰਡ ਮਨਸੂਰਾਂ ਆ ਗਏ, ਕਿਉਂਕਿ ਇਸ ਨਗਰ ਦੀ ਸੰਗਤ ਨੇ, ਹੱਥ ਜੋੜ ਕੇ ਬੇਨਤੀ ਕੀਤੀ ਸ ਕਿ "ਆਪ ਸਾਡੇ ਇਲਾਕੇ ਨੂੰ ਪਵਿਤ੍ਰ ਕਰੋ" ਜਦੋਂ ਹਜ਼ੂਰ ਏਥੇ ਪਹੁੰਚੇ ਤਾਂ ਆਲੇ ਦੁਆਲੇ ਦੇ ਦੂਰ ਦੂਰੇ ਇਲਾਕਿਆਂ ਤੋਂ ਦਰਸ਼ਨਾਂ ਲਈ ਅਨਗਿਣਤ ਸੰਗਤਾਂ ਆਉਣ ਲਗੀਆਂ। ਨਾਮ ਬਾਣੀ ਦਾ ਕੀਰਤਨ ਹਰ ਸਮੇ ਜਾਰੀ ਰਹਿੰਦਾ। ਨਿਰੰਕਾਰੀ ਨੂਰ ਨਾਲ ਹਰ ਸਮੇਂ ਲਿਵ ਜੁੜੀ ਰਹਿੰਦੀ। ਪ੍ਰੇਮ ਦੀ ਤਾਰ ਅਠੇ ਪਹਿਰ ਖੜਕਦ ਰਹਿੰਦੀ।

**ਮੀਂਹ ਦਾ ਪੈਣਾ**—ਪਿੰਡ ਮਨਸੂਰਾਂ ਦੇ ਇਲਾਕੇ ਵਿਚ ਭਾਰੀ ਔੜ ਲਗੀ ਹੋਈ ਸੀ। ਫ਼ਸਲਾਂ ਸੁ ਰਹੀਆਂ ਸਨ। ਪਾਣੀ ਦਾ ਕੋਈ ਪ੍ਰਬੰਧ ਨਹੀਂ ਸੀ। ਸੰਗਤਾਂ ਨੇ ਇਕੱਠੇ ਹੋ ਕੇ ਹਜ਼ੂਰ ਅਗੇ ਬੇਨਤੀ ਕੀਤੀ "ਮੀਂਹ ਦੇ ਨਾ ਪੈਣ ਕਰਕੇ ਸਾਰਾ ਦੇਸ਼ ਦੁਖੀ ਹੈ। ਆਪ ਮੇਹਰ ਕਰੋ। ਮੀਂਹ ਦੀ ਡਾਢੀ ਲੋੜ ਹੈ।" ਬਾਬਾ ਨੇ ਰੱਬੀ ਰੰਗ ਵਿਚ ਰੰਗੀਜੇ ਹੋਇਆਂ ਹੁਕਮ ਕੀਤਾ ਕਿ "ਮੀਂਹ ਦਾ ਪਾਣਾ—ਉਸ ਅਕਾਲ ਪੁਰਖ ਦੇ ਹੱਥ ਹੈ ਅਸੀਂ ਤਾਂ ਉਸ ਦੇ ਸੇਵਕ ਹਾਂ। ਤੁਸੀਂ ਉਸ ਨੂੰ ਯਾਦ ਕਰੋ। ਸਚੇ ਦਿਲੋਂ ਉਸ ਅਗੇ ਅਰਦਾਸ ਕਰੋ। ਤੁਹਾ ਅਰਦਾਸ ਜ਼ਰੂਰ ਕਬੂਲ ਹੋਏਗੀ।" ਰੈਣ ਸਬਾਈ ਕੀਰਤਨ ਅਰੰਭ ਹੋ ਗਿਆ। ਦਿਲ ਦੀਆਂ ਡੂੰਘਿਆਈਆਂ ਵਿ ਬੇਨਤੀਆਂ ਹੋਣ ਲਗੀਆਂ ਤੇ ਸੱਚ ਮੁਚ ਹੀ ਇਨ੍ਹਾਂ ਬੇਨਤੀਆਂ ਦੀ ਅਵਾਜ਼ ਧੁਰ ਦਰਗਾਹ ਵਿਚ ਜਾ ਪਹੁੰਚੀ। ਬਰਖਾ ਹੋ ਸ਼ੁਰੂ ਹੋ ਗਈ। ਖੂਬ ਜ਼ੋਰ ਦਾ ਮੀਂਹ ਪਿਆ, ਬੇਅੰਤ ਬਾਰਸ਼ ਹੋਈ। ਔੜ ਮਾਰੀ ਧਰਤੀ, ਇਕ ਸੁਹਾਵਣੇ ਰੂਪ ਵਿ ਬਦਲ ਗਈ।

**ਜੱਟਾਂ ਦੀ ਲੜਾਈ**— ਪਿੰਡ ਮਨਸੂਰਾਂ ਦੇ ਦੋ ਧੜੇ ਸਨ। ਜੱਟਾਂ ਦੀਆਂ ਦੋ ਜ਼ਬਰਦਸਤ ਪਾਰਟੀ ਸਨ। ਇਕ ਧੜੇ ਨੇ ਦੂਜੇ ਧੜੇ ਦੇ ਇਕ ਆਦਮੀ ਨੂੰ ਮਾਰ ਦਿਤਾ। ਇਸ ਗਲੋਂ ਰੋਸ ਵਧ ਗਿਆ। ਦੋਨੋ ਗਹਿਗਚ ਲੜਾਈ ਲੜਣ ਲਈ ਤਿਆਰ ਹੋ ਗਏ। ਇਉਂ ਮਲੂਮ ਦਿੰਦਾ ਸੀ ਜਿਵੇਂ ਹੁਣ ਥੋੜੇ ਪਲਾਂ ਵਿਚ ਕਈ ਮੌਤਾਂ ਹੋ ਜਾਣਗੀਆਂ। ਐਨ ਇਸ ਮੌਕੇ ਬਾਬਾ ਜੀ ਆਪਣੇ ਘੋੜੇ ਉੱਪਰ ਸਵਾਰ ਹੋ ਕੇ, ਲੜਾਈ ਵਾਲੀ

---

* ਸਰ ਲਿਪਲ ਗ੍ਰਿਫਨ ਲਿਖਦਾ ਹੈ ਕਿ ਅਤਾਉਲਾ ਖਾਂ ਮਰਿਆ ਨਹੀਂ ਸੀ ਸਗੋਂ ਬਹੁਤ ਬੁਰੀ ਤਰ੍ਹਾਂ ਜ਼ਖ ਹੋ ਗਿਆ ਸੀ। ਕਈ ਦਿਨ ਜ਼ਖਮੀ ਹੋਣ ਦੀ ਹਾਲਤ ਵਿਚ, ਦੁਖ ਦਰਦ ਨਾਲ ਚੀਖ਼ਾਂ ਮਾਰਦਾ, ਮੰਜੇ ਉ ਅੱਡੀਆਂ ਰਗੜਦਾ ਰਿਹਾ ਤੇ ਸੰਨ

ਉਤੇ ਪਹੁੰਚੇ ਤੇ ਦੋਨਾਂ ਪਾਰਟੀਆਂ ਦੇ ਵਿਚਕਾਰ ਖੜੇ ਹੋ ਗਏ। ਕਹਿਣ ਲਗੇ ਕਿ "ਅਸੀਂ ਤੁਹਾਨੂੰ ਲੜਣ ਨਹੀਂ ਦੇਣਾ।" ਹਜ਼ੂਰ ਦੇ ਤੇਜ ਪਰਤਾਪ ਅੱਗੇ ਕਿਸ ਦੀ ਮਜਾਲ ਸੀ ਜੋ ਰਤੀ ਜਿਨੀ ਵੀ ਹਿਚਕਚਾਹਟ ਕਰਦਾ। ਸਾਰੇ ਚੁਪ ਹੋ ਗਏ। ਸਭਨਾਂ ਨੇ ਸਿਰ ਝੁਕਾ ਦਿੱਤਾ। ਲੜਾਈ ਬੰਦ ਹੋ ਗਈ। ਧੜੇਬੰਦੀ ਮੁਕ ਗਈ। ਦੋਨੋ ਪਾਰਟੀਆਂ ਨੇ ਅਗੇ ਤੋਂ ਇਕੱਠੇ ਮਿਲਕੇ ਰਹਿਣ ਦੀ ਪ੍ਰਤਗਿਆ ਕੀਤੀ। ਪਿਛਲੇ ਵੈਰ ਵਿਰੋਧ ਭੁਲ ਗਏ।

**ਹੰਕਾਰੀ ਗੈਂਡਾ**— ਬਾਬਾ ਜੀ ਕਈ ਮਹੀਨੇ ਪਿੰਡ* ਮਨਸੂਰਾਂ ਟਿਕੇ ਰਹੇ। ਖੂਬ ਰੌਣਕ ਰਹਿੰਦੀ। ਸੰਗਤਾਂ ਦੂਰੋਂ ਦੂਰੋਂ ਆਉਂਦੀਆਂ ਤੇ ਦਰਸ਼ਨ ਕਰਕੇ ਆਪਣਾ ਜਨਮ ਸਫਲਾ ਕਰਦੀਆਂ। ਇਥੇ ਨੇੜੇ ਹੀ ਇਕ ਪਿੰਡ ਖੰਡੂਰ ਹੈ। ਇਸ ਪਿੰਡ ਦਾ ਇਕ ਜੱਟ ਬੜਾ ਹੰਕਾਰੀ ਸੀ। ਉਹ ਕਿਸੇ ਦੀ ਪਰਵਾਹ ਨਾ ਕਰਦਾ। ਇਸ ਦਾ ਨਾਮ ਗੈਂਡਾ ਸੀ। ਮਨਸੂਰਾਂ ਵਿਚ ਬਾਬਾ ਜੀ ਦੇ ਵਧ ਰਹੇ ਤੇਜ ਪਰਤਾਪ ਨੂੰ ਤੇ ਸੰਗਤਾਂ ਦੇ ਭਾਰੀ ਇਕੱਠ ਨੂੰ ਵੇਖਕੇ—ਗੈਂਡੇ ਨੂੰ ਬੜਾ ਦੁਖ ਹੋਇਆ। ਇਹ ਨਹੀਂ ਚਾਹੁੰਦਾ ਸੀ ਕਿ ਉਸ ਦੇ ਤਲਕੇ ਵਿਚ ਕਿਸੇ ਹੋਰ ਦੀ ਤਾਕਤ ਵਧੇ। ਇਸ ਤਰ੍ਹਾਂ ਇਹ ਹਰ ਵੇਲੇ ਈਰਖਾ ਦੀ ਅੱਗ ਵਿਚ ਸੜਦਾ ਰਹਿੰਦਾ। ਬਾਬਾ ਜੀ ਦੀ ਵਧ ਰਹੀ ਮਹਿਮਾਂ ਨੂੰ ਰੋਕਣ ਵਾਸਤੇ, ਇਹ ਚੰਦਰਾ ਪੁਰਸ਼ ਕਈ ਮਨਸੂਬੇ ਬਨਾਉਣ ਲਗਿਆ। ਇਸ ਨੇ ਆਪਣੀ ਤਾਕਤ ਦੀ ਧੌਂਸ ਜਮਾਉਣ ਲਈ ਤੇ ਸ਼ਾਇਦ ਬਾਬਾ ਜੀ ਨੂੰ ਡਰਾਉਣ ਲਈ, ਆਪਣੀ ਤੋਪ ਨਾਲ ਹਰ ਰੋਜ਼ ਉਸ ਤਰਫ਼ ਤੋਪ ਦੇ ਗੋਲੇ ਚਲਾਇਆ ਕਰੇ, ਜਿਥੇ ਬਾਬਾ ਜੀ ਗੁਰਬਾਣੀ ਦੇ ਰੰਗ ਵਿਚ ਖੀਵੇ ਹੋਏ, ਸਮਾਧੀ ਲਗਾਕੇ ਬੈਠੇ ਹੁੰਦੇ ਸਨ। ਸੰਗਤਾਂ ਨੂੰ ਇਸ ਬੇ-ਅਦਬੀ ਦਾ ਬੜਾ ਗੁਸਾ ਸੀ। ਉਹ ਚਾਹੁੰਦੇ ਸਨ ਕਿ ਇਸ ਹੰਕਾਰੀ ਦਾ ਹੰਕਾਰ ਦੂਰ ਕੀਤਾ ਜਾਵੇ। ਪਰ ਬਾਬਾ ਜੀ ਨੇ ਫੁਰਮਾਇਆ "ਤੁਸੀਂ ਕੋਈ ਫ਼ਿਕਰ ਨਾ ਕਰੋ। ਤੋਪ ਦਾ ਗੋਲਾ ਸਾਡਾ ਕੁਝ ਨਹੀਂ ਵਿਗਾੜ ਸਕਦਾ। ਸਗੋਂ ਛੇਤੀ ਹੀ ਇਹ ਤੋਪ ਉਸ ਦੀ ਤਬਾਹੀ ਕਰ ਦੇਵੇਗੀ, ਜਿਹੜਾ ਇਸ ਤੋਪ ਨੂੰ ਚਲਾਉਂਦਾ ਹੈ।" ਹਜ਼ੂਰ ਦਾ ਇਹ ਬਚਨ ਸਚਾ ਹੋਇਆ। ਥੋੜੇ ਦਿਨਾਂ ਮਗਰੋਂ ਹੀ ਇਸ ਇਲਾਕੇ ਦਾ ਹਾਕਮ, ਰਾਜਾ ਟੇਕ ਸਿੰਘ, ਬਾਬਾ ਜੀ ਦੇ ਦਰਸ਼ਨਾਂ ਲਈ ਆਇਆ। ਜਦੋਂ ਇਨ੍ਹਾਂ ਨੂੰ ਪਿੰਡ ਖੰਡੂਰ ਦੇ ਗੈਂਡੇ ਵਲੋਂ ਬਾਬਾ ਜੀ ਪ੍ਰਤੀ ਕੀਤੀ ਜਾ ਰਹੀ ਬੇਅਦਬੀ ਦਾ ਪਤਾ ਲਗਿਆ ਤਾਂ ਉਸ ਨੇ ਝੱਟ ਆਪਣੇ ਸਿਪਾਹੀ ਭੇਜਕੇ ਗੈਂਡੇ ਨੂੰ ਸਦਿਆ। ਗੈਂਡੇ ਨੇ ਹਾਜ਼ਰ ਹੋ ਕੇ ਮੁਆਫ਼ੀ ਮੰਗਣ ਦੀ ਬਜਾਇ, ਤਲਵਾਰ ਨਾਲ ਮੁਕਾਬਲਾ ਕਰਣਾ ਚਾਹਿਆ। ਰਾਜਾ ਟੇਕ ਸਿੰਘ ਦੇ ਸਿਪਾਹੀਆਂ ਨੇ ਥੋੜੇ ਘੰਟਿਆਂ ਵਿਚ ਹੀ, ਗੈਂਡੇ ਦੇ ਹੋਸ਼ ਟਿਕਾਣੇ ਲਿਆ ਦਿਤੇ। ਇਸ ਨੂੰ ਕੈਦ ਕਰਕੇ, ਹੁਕਮ ਅਦੂਲੀ ਕਰਣ ਦੇ ਦੋਸ਼ ਵਿਚ ਇਕ ਦਰਖਤ ਨਾਲ ਨੂੜਕੇ, ਉਸੇ ਤੋਪ ਦੇ ਨਾਲ ਉਡਾ ਦਿਤਾ, ਜਿਸ ਤੋਪ ਨਾਲ ਇਹ ਰੋਜ਼ ਬਾਬਾ ਜੀ ਵਲ ਗੋਲੇ ਦਾ ਵਾਰ ਕਰਦਾ ਹੁੰਦਾ ਸੀ।

**ਰਾਇਕੋਟ ਤੇ ਕਬਜ਼ਾ** :— ਰਾਇਕੋਟ ਦੇ ਹਾਕਮ ਸ਼ੇਰ ਖਾਂ ਦੇ ਹੱਥੋਂ ਇਲਾਕਾ ਮਨਸੂਰਾਂ ਦੇ ਲੋਕ ਬਹੁਤ ਦੁਖੀ ਸਨ। ਗਊਕੁਸ਼ੀ ਦਾ ਬਹੁਤ ਜ਼ੋਰ ਸੀ। ਇਲਾਕੇ ਦੇ ਮੁਸਲਮਾਨ ਵੀ ਦੁਖੀ ਸਨ ਕਿਉਂਕਿ ਇਨ੍ਹਾਂ ਕੋਲੋਂ ਜ਼ਬਰ-ਦਸਤੀ ਭਾਰੀ ਟੈਕਸ ਵਸੂਲੇ ਜਾਂਦੇ। ਕਈ ਦੁਖ ਦਿਤੇ ਜਾਂਦੇ। ਇਸ ਇਲਾਕੇ ਦਾ ਇਕ ਪ੍ਰਸਿਧ ਵਿਅਕਤੀ—ਜਿਸਦਾ

---

* ਜ਼ਿਲਾ ਲੁਧਿਆਣਾ ਦਾ ਇਹ ਇਕ ਪ੍ਰਸਿਧ ਇਤਿਹਾਸਕ ਪਿੰਡ ਹੈ। ਕਿਸੇ ਸਮੇਂ ਰਾਇਕੋਟ ਦੇ ਸਰਦਾਰ ਦਾ ਇਸ ਉੱਪਰ ਕਬਜ਼ਾ ਹੁੰਦਾ ਸੀ। ਪਿੰਡ ਮਨਸੂਰਾਂ ਨਾਲ ਕਈ ਤਵਾਰੀਖੀ ਘਟਨਾਵਾਂ ਦਾ ਸਬੰਧ ਹੈ। ੧੯੧੪-੧੫ ਦੀ ਗ਼ਦਰ ਲਹਿਰ ਦੇ ਮੌਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ, ਆਪਣੀ ਭਰ ਜਵਾਨੀ ਦੇ ਦਿਨਾਂ ਵਿਚ ਅਮਰੀਕਾ ਤੋਂ ਵਾਪਸ ਆ ਕੇ, ਜਦੋਂ ਫ਼ੀਰੋਜ਼ਪੁਰ ਦੇ ਕਿਲੇ ਉੱਪਰ ਧਾਵਾ ਬੋਲਕੇ, ਫ਼ੌਜੀ ਹਥਿਆਰ ਲੁਟਣ ਦਾ ਫ਼ੈਸਲਾ ਕੀਤਾ ਸੀ ਤਾਂ ਇਸ ਮਤਲਬ ਲਈ ਬਹੁਤ ਸਾਰੇ ਰੁਪੈ ਦੀ ਲੋੜ ਨੂੰ ਪੂਰੀ ਕਰਣ ਲਈ, ਇਸੇ ਪਿੰਡ ਦੇ ਇਕ ਬਾਣੀਏ ਦੇ ਘਰ ਕਰਤਾਰ ਸਿੰਘ ਸਰਾਭਾ ਨੇ ਡਾਕਾ ਮਾਰਿਆ ਸੀ। ਲੋਹੇ ਦੀ ਪੁਰਾਣੀ ਪੇਟੀ, ਜਿਸ ਨੂੰ ਭੰਨ ਕੇ ਰੁਪੈ ਕਢੇ ਸਨ, ਇਹ ਪੇਟੀ ਹੁਣ ਤਕ ਇਥੇ ਹੀ ਪਈ ਹੈ। ਇਸ ਪਿੰਡ ਨੇ ਕਈ ਦੇਸ਼ ਭਗਤਾਂ ਤੇ ਕਲਾਕਾਰਾਂ ਨੂੰ ਜਨਮ ਦਿਤਾ ਹੈ। ਬਾਬਾ ਸਾਹਿਬ ਸਿੰਘ ਜੀ ਨੇ ਇਸ ਪਿੰਡ ਨੂੰ ਆਪਣਾ ਪ੍ਰਚਾਰ ਕੇਂਦਰ ਚੁਣਿਆ।

ਨਾਮ ਗੋਂਦਾ ਸੀ, ਰਾਇਕੋਟ ਦੇ ਹਾਕਮ ਨੇ ਉਸ ਨੂੰ ਬਿਨਾਂ ਕਿਸੇ ਕਸੂਰੋਂ ਕੈਦ ਕਰ ਲਿਆ। ਇਸ ਦੀ ਇਸਤ੍ਰੀ ਆਪਣੇ ਧੀਆਂ ਪੁਤਰਾਂ ਸਮੇਤ, ਆਪਣੇ ਦੁਖ ਦੀ ਪੁਕਾਰ ਕਰਨ ਲਈ, ਬਾਬਾ ਸਾਹਿਬ ਸਿੰਘ ਜੀ ਦੇ ਦਰਬਾਰ ਵਿਚ ਮਨਸੂਰਾਂ ਪਹੁੰਚੀ। ਉਚੀ ਉਚੀ ਰੋ ਕੇ ਚੀਖ ਪੁਕਾਰ ਕਰਣ ਲਗੀ। ਬਾਬਾ ਜੀ ਨੇ ਇਸਦੀ ਫਰਿਆਦ ਨੂੰ ਡਾਢੇ ਗਹੁ ਨਾਲ ਸੁਣਿਆ। ਉਸ ਨੂੰ ਹੌਸਲਾ ਦਿਤਾ ਤੇ ਯਕੀਨ ਦੁਆਇਆ ਗਿਆ ਕਿ ਛੇਤੀ ਹੀ ਤੇਰੇ ਪਤੀ ਦੀ ਬੰਦ-ਖੁਲਾਸੀ ਹੋਵੇਗੀ। ਬਾਬਾ ਜੀ ਨੇ ਰਾਇਕੋਟ ਦੇ ਨਵਾਬ ਸ਼ੇਰ ਖਾਂ ਕੋਲ, ਚੌਧਰੀ ਗੋਂਦੇ ਦੀ ਰਿਹਾਈ ਵਾਸਤੇ ਕਈ ਸੁਨੇਹੇ ਭੇਜੇ ਪਰ ਉਸ ਨੇ ਸਾਫ਼ ਇਨਕਾਰ ਕਰ ਦਿਤਾ, ਸਗੋਂ ਦਮਗਜਾ ਮਾਰਿਆ ਕਿ ਜੇ ਲੜਾਈ ਲੜਨੀ ਹੈ ਤਾਂ ਮੈਂ ਇਸ ਲਈ ਵੀ ਤਿਆਰ ਹਾਂ ਪਰ ਗੋਂਦੇ ਨੂੰ ਹਰਗਿਜ਼ ਰਿਹਾ ਨਹੀਂ ਕੀਤਾ ਜਾਵੇਗਾ।

ਬਾਬਾ ਜੀ ਨੇ ਇਸ ਹੰਕਾਰੀ ਹਾਕਮ ਦਾ ਮੁਕਾਬਲਾ ਕਰਨ ਲਈ ਕੂਚ ਕਰਨ ਦਾ ਹੁਕਮ ਦਿਤਾ। ਸਰਦਾਰ ਕਰਮ ਸਿੰਘ ਸ਼ਾਹਬਾਦੀਆ, ਸ. ਬੁਧ ਸਿੰਘ ਫ਼ੈਜ਼ਲਪੁਰੀ ਅਤੇ ਹੋਰ ਬਹੁਤ ਸਾਰੇ ਸੂਰਬੀਰ ਯੋਧੇ, ਇਸ ਲੜਾਈ ਵਿਚ ਸ੍ਰੀ ਹਜ਼ੂਰ ਬਾਬਾ ਜੀ ਦੀ ਸਹਾਇਤਾ ਲਈ ਹਾਜ਼ਰ ਹੋਏ। ਸਿੰਘਾਂ ਦੀ ਗਿਣਤੀ ਸਤ ਅੱਠ ਹਜ਼ਾਰ ਦੇ ਲਗਪਗ ਹੋ ਚੁਕੀ ਸੀ। ਹਜ਼ੂਰ ਨੇ ਪੰਜ ਸੌ ਘੋੜ ਸਵਾਰਾਂ ਨੂੰ ਦਾਰੂ ਸਿੱਕਾ ਦੇ ਕੇ, ਲੜਾਈ ਲੜਨ ਲਈ ਤੋਰ ਦਿੱਤਾ। ਸ਼ੇਰ ਖਾਨ ਵੀ ਫ਼ੌਜ ਲੈ ਕੇ, ਮੁਕਾਬਲੇ ਲਈ ਆ ਪਹੁੰਚਿਆ। ਇਸ ਨੇ ਪਿੰਡ ਦੋਲੋਂ ਕਲਾਂ ਦੇ ਨੇੜੇ-ਸਿੱਖ ਫ਼ੌਜਾਂ ਦਾ ਰਾਹ ਰੋਕਣ ਵਾਸਤੇ ਮੋਰਚਾ ਗੱਡ ਦਿੱਤਾ। ਸਿੱਖ ਸਿਪਾਹੀਆਂ ਨੇ ਗੁੱਸੇ ਵਿਚ ਆ ਕੇ ਹਮਲਾ ਬੋਲ ਦਿਤਾ। ਬੜੀ ਭਾਰੀ ਲੜਾਈ ਹੋਈ ਮੁਸਲਮਾਨ ਸਿਪਾਹੀ ਹਮਲੇ ਦੀ ਤਾਬ ਨਾ ਲਿਆ ਸਕੇ। ਸਿੱਖ ਸੂਰਬੀਰ ਬਿਨਾਂ ਕਿਸੇ ਰੋਕ ਟੋਕ ਤੋਂ ਰਾਇਕੋਟ ਜਾ ਪਹੁੰਚੇ। ਕਿਲੇ ਉਤੇ ਕਬਜ਼ਾ ਕਰ ਲਿਆ ਤੇ ਭਾਈ ਗੋਂਦੇ ਨੂੰ ਕੈਦ ਵਿਚੋਂ ਬਾਹਰ ਕੱਢਿਆ ਜੋ ਅਗਲੇ ਦਿਨ ਹੀ ਅਪਣੇ ਬ੍ਰਿਹੁੰ-ਕੁਠੇ ਪਰਵਾਰ ਨੂੰ ਆ ਮਿਲਿਆ।

ਬਾਬਾ ਜੀ ਨੇ ਜ਼ਰੂਰੀ ਸਮਝਿਆ ਕਿ ਜ਼ਾਲਮ ਲੋਕਾਂ ਨੂੰ ਰੋਕਣ ਲਈ, ਇਨ੍ਹਾਂ ਦੇ ਇਲਾਕਿਆਂ ਉਪਰ ਕਬਜ਼ਾ ਕੀਤਾ ਜਾਏ। ਇਸ ਲਈ ਆਪ ਜੀ ਨੇ ਥੋੜੇ ਦਿਨਾਂ ਵਿਚ ਹੀ ਜਗਰਾਉਂ, ਦੁੱਘਰੀ ਤੇ ਲੁਧਿਆਣੇ ਦੇ ਕਿਲ੍ਹਿਆਂ ਨੂੰ ਆਪਣੇ ਅਧੀਨ ਕਰ ਲਿਆ।


**ਰਾਇਪੁਰ ਦੀ ਰੌਣਕ* :**—ਬਹੁਤ ਸਾਰੇ ਇਲਾਕਿਆਂ ਨੂੰ ਫ਼ਤਹ ਕਰਕੇ ਸਾਰੇ ਰਾਜ ਪ੍ਰਬੰਧ ਨੂੰ ਠੀਕ ਚਲਾਉਣ ਲਈ, ਆਪਨੇ ਕਈ ਥਾਵਾਂ ਉਤੇ ਫ਼ੌਜੀ ਚੌਕੀਆਂ ਅਤੇ ਥਾਣੇ ਬਣਾ ਦਿਤੇ ਤਾਂ ਜੁ ਕਿਸੇ ਤਰ੍ਹਾਂ ਦੀ ਕੋਈ ਗੜਬੜ ਜਾਂ ਲੁਟ ਮਾਰ ਨ ਹੋਵੇ। ਹਜ਼ੂਰ ਨੇ ਅਜੇਹਾ ਇਕ ਕੇਂਦਰ ਰਾਇਪੁਰ ਵਿਚ ਵੀ ਕਾਇਮ ਕੀਤਾ। ਆਪ ਨੇ ਪਿੰਡ ਤੋਂ ਬਾਹਰ ਅਪਣਾ ਕੈਂਪ ਲਗਾ ਲਿਆ। ਇਥੇ ਬਿਰਾਜਮਾਨ ਹੋ ਗਏ। ਸ੍ਰੀ ਹਜ਼ੂਰ ਕਈ ਮਹੀਨੇ ਇਥੇ ਟਿਕੇ ਰਹੇ।

ਪਿੰਡ ਦੇ ਲੋਕ ਬਾਬਾ ਜੀ ਦੇ ਆਉਣ ਦੀ ਖਬਰ ਸੁਣ ਕੇ ਡਾਢੇ ਪ੍ਰਸੰਨ ਹੋਏ। ਦਰਸ਼ਨ ਕਰਕੇ ਸਭਨਾਂ ਦੇ ਦਿਲ ਗਦ ਗਦ ਹੋਏ। ਪਰ ਪਿੰਡ ਦੀ ਬਹੁਤੀ ਵਸੋਂ ਸੁਲਤਾਨੀ ਸੇਵਕਾਂ ਦੀ ਸੀ। ਇਨ੍ਹਾਂ ਨੂੰ ਸਿੱਖੀ ਰਹਿਤ ਮਰਯਾਦਾ ਦਾ ਪਤਾ ਨਹੀਂ ਸੀ।

---

* ਇਥੇ ਹੁਣ ਦਮਦਮਾ ਸਾਹਿਬ ਦਾ ਅਸਥਾਨ ਕਾਇਮ ਹੈ—ਜਿਸ ਉਪਰ ਨਿਹੰਗ ਸਿੰਘਾਂ ਦਾ ਕਬਜ਼ਾ ਹੈ ਹਰ ਦਸਵੀਂ ਵਾਲੇ ਦਿਨ ਦੀਵਾਨ ਸਜਦਾ ਹੈ। ਜਦੋਂ ਬਾਬਾ ਸਾਹਿਬ ਸਿੰਘ ਜੀ ਰਾਇਪੁਰ ਪਹੁੰਚੇ ਤਾਂ ਇੱਥੇ ਅਨਮੱਤੇ ਲੋਕਾਂ ਦਾ ਜ਼ੋਰ ਸੀ। ਸ੍ਰੀ ਹਜ਼ੂਰ ਨੇ ਅੰਮ੍ਰਿਤ ਪ੍ਰਚਾਰ ਕਰਕੇ, ਸਾਰੇ ਰਾਇਪੁਰੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਸਜਾਇਆ। ਕਈ ਦਿਨ ਬੜੀ ਰੌਣਕ ਰਹੀ। ਰਾਇਪੁਰ ਦਾ ਪਿੰਡ ਇਸ ਸਮੇਂ ਜ਼ਿਲਾ ਲੁਧਿਆਣਾ ਦਾ ਸ਼੍ਰੋਮਣੀ ਪਿੰਡ ਹੈ। 90 ਫ਼ੀ ਸਦੀ ਵਸੋਂ ਸਿੱਖਾਂ ਦੀ ਹੈ। ਕਈ ਗੁਰਦਵਾਰੇ ਹਨ। ਗੁਰਸਿੱਖੀ ਦੀ ਲਗਨ ਆਮ ਹੈ। ਦੋ ਹਾਈ ਸਕੂਲ ਹਨ। ਲੋਕਾਂ ਦੀ ਮਾਲੀ ਹਾਲਤ ਬੜੀ ਚੰਗੀ ਹੈ।

ਸੁਰਜੀਤ ਰਾਮਪੁਰੀ



# ਅੰਮ੍ਰਿਤ ਬਾਣੀ ਦੇ ਦੇ

(ਬਾਬਾ ਸਾਹਿਬ ਸਿੰਘ ਬੇਦੀ ਦੀ
ਯਾਦ ਨੂੰ ਸਮਰਪਿਤ)

ਮੇਰੀ ਅਗਨੀ ਲੈ ਲੈ
ਮੈਨੂੰ ਸੀਤਲ ਪਾਣੀ ਦੇ ਦੇ।
ਮੇਰੀ ਕਲਾ ਹੈ ਅਰਪਣ ਤੈਨੂੰ
ਅੰਮ੍ਰਿਤ ਬਾਣੀ ਦੇ ਦੇ।

ਸਾਗਰ ਦੀ ਨੀਲਾਹਟ ਦਿਨ ਦੇ
ਨੈਣਾਂ ਅੰਦਰ ਭਰ ਦੇ,
ਮੇਰੇ ਅੰਬਰ ਦੀ ਕਾਲਖ ਨੂੰ
ਰਾਤ ਸੁਹਾਣੀ ਦੇ ਦੇ।

ਬਚਪਨ ਦੀ ਤੇ ਜੋਬਨ ਦੀ
ਉਮਰਾਂ ਦੇ ਸਾਥੀ ਵਿਛੜੇ,
ਜਨਮ ਜਨਮ ਤੱਕ ਜੋ ਨਾ ਨਿਖੜੇ
ਐਸਾ ਹਾਣੀ ਦੇ ਦੇ।

ਸਦਾ ਗੁਲਾਬਾਂ ਦੀ ਰੁਤ ਦੇ ਜਾ
ਮਹਿਕਾਂ, ਮਹਿਕ ਖਿਲਾਰਾਂ,
ਕੱਢ ਕੰਡਿਆਂ ਦੀ ਜੂਨੀ 'ਚੋਂ
ਫੁਲਾਂ ਦੀ ਜਵਾਨੀ ਦੇ ਦੇ।

# 'ਖ਼ਾਲਸਾ ਧਰਮ ਸ਼ਾਸਤ੍ਰ' ਅਨੁਸਾਰ
# ਗੁਰ ਅੰਸਾਂ ਦਾ ਦਰਜਾ ਅਤੇ ਮਾਨ

(ਉਕਤ ਪੁਸਤਕ ਦੇ ਪੰਨਾ ੩੭੨ ਤੋਂ ੩੭੭ ਤੱਕ ਦੀ ਹੂ-ਬ-ਹੂ ਨਕਲ)

(੪੮) ਸ੍ਰੀ ਗੁਰੂ ਜੀ ਦੇ ਦਸ ਜਾਮੇ ਧਾਰਮਕ ਪਾਤਸ਼ਾਹ ਹੋਣੇ ਕਰਕੇ ਪਾਤਸ਼ਾਹੀ ਸੰਗਯਾ ਰਖਦੇ ਹਨ ਅਤੇ ਜੈਸੇ ਪਾਤਸ਼ਾਹ ਦੇ ਪੁੱਤ ਪੋਤੇ ਸ਼ਾਹਜ਼ਾਦੇ ਹੋਣ ਦੀ ਸੰਗਯਾ ਰਖਦੇ ਹਨ ਇਸ ਪ੍ਰਕਾਰ ਦਸ ਪਾਤਸ਼ਾਹੀ ਸ੍ਰੀ ਜੀ ਦੇ ਪੁੱਤ ਪੋਤ੍ਰੇ ਸਾਹਿਬ ਜ਼ਾਦਿਆਂ ਦੀ ਸੰਗਯਾ ਰਖਦੇ ਹਨ।

(੪੯) ਪਾਤਸ਼ਾਹਾਂ ਦੇ ਅੰਸਾਂ ਸ਼ਾਹਜ਼ਾਦਿਆਂ ਦਾ ਦਰਜਾ ਅਤੇ ਮਾਨ ਦੋ ਪ੍ਰਕਾਰ ਦਾ ਹੁੰਦਾ ਹੈ। ਇਕ ਓਹ ਸ਼ਾਹਜ਼ਾਦੇ ਜੋ ਕੇਵਲ ਰਾਜ ਪੁਤਰ ਹੋਣ ਪਰ ਉਹਨਾਂ ਦਾ ਰਾਜ ਸਿੰਘਾਸਨ ਦੇ ਨਾਲ ਹਾਕਮੀ ਦਾ ਕੋਈ ਸੰਬੰਧ ਨਾ ਹੋਵੇ। ਦੂਜੇ ਉਹ ਸ਼ਾਹਜ਼ਾਦੇ ਜੋ ਰਾਜ ਸਿੰਘਾਸਨ ਦੇ ਨਾਲ ਸੰਬੰਧ ਰਖਕੇ ਕਿਸੀ ਦੇਸ ਦੇ ਇਲਾਕੇ ਪਰ ਹਾਕਮੀ ਭੀ ਕਰਦੇ ਹੋਨ ਸੋ ਓਹਨਾਂ ਦਾ ਆਦਰ ਮਾਨ ਕੇਵਲ ਸ਼ਾਹਜ਼ਾਦਗੀ ਦੇ ਦਰਜੇ ਦਾ ਇਕਹਿਰਾ ਹੈ ਅਤੇ ਇਹਨਾਂ ਦਾ ਆਦਰਮਾਨ ਇਕ ਸ਼ਾਹਜ਼ਾਦਗੀ ਦਾ ਅਤੇ ਦੂਜਾ ਹਾਕਮੀ ਦਾ ਦੂਹਰਾ ਹੈ।

ਸੋ ਇਹੁ ਪ੍ਰਕਾਰ ਗੁਰ ਅੰਸਾਂ ਦੇ ਸਾਹਿਬ ਜ਼ਾਦਿਆਂ ਦਾ ਹੈ। ਇਕ ਉਹ ਸਾਹਜਾਦੇ ਜੋ ਕੇਵਲ ਸਾਹਿਬ ਜ਼ਾਦਗੀ ਦਾ ਹੀ ਦਰਜਾ ਰਖਦੇ ਹਨ ਪਰ ਸਿੱਖੀ ਦੇ ਪ੍ਰਚਾਰਕ ਨਾ ਹੋਣ ਕਰਕੇ ਗੁਰ-ਪਦਵੀ ਨਾਲ ਸੰਬੰਧੀ ਨਹੀਂ ਰਖਦੇ।

ਦੂਜੇ ਉਹ ਹਨ ਜੋ ਗੁਰੂ ਪਦਵੀ ਦੇ ਨਾਲ ਸੰਬੰਧ ਰਖਦੇ ਹਨ। ਉਹ ਸੰਗਤਾਂ ਵਿਚ ਸਿੱਖੀ ਦੇ ਪ੍ਰਚਾਰ ਦਾ ਕੰਮ ਭੀ ਕਰਦੇ ਹਨ। ਜੋ ਆਪਣੇ ੨ ਇਲਾਕਿਆਂ ਵਿਚ ਗੁਰੂ ਮੰਨੇ ਜਾਂਦੇ ਹਨ। ਇਹ ਗੱਦੀ ਨਸ਼ੀਨ ਹੋਣੇ ਕਰਕੇ ਦੂਹਰੇ ਆਦਰ ਦੇ ਅਧਿਕਾਰੀ ਹਨ। ਇਕ ਗੁਰੂ ਅੰਸ ਹੋਣ ਦੇ ਦਰਜੇ ਅਤੇ ਦੂਜੇ ਪ੍ਰਚਾਰਕ ਗੁਰੂ ਹੋਣ ਦਾ ਦਰਜਾ ਰਖਦੇ ਹਨ।

(੫੦) ਪ੍ਰਚਾਰਕ ਗੁਰੂ ਪੁਣੇ ਦਾ ਦਰਜਾ ਹਰ ਇਕ ਦਾ ਉਹਨਾਂ ਦੀ ਆਪਣੀ ੨ ਘਟ ਵਧ ਹੈਸੀਅਤ ਪਰ ਹੈ। ਇਹ ਹੈਸੀਅਤ ਉਹਨਾਂ ਦੇ ਅਸਰ ਹੇਠਾਂ ਆਏ ਸਿੱਖਾਂ ਦੇ ਘਰਾਂ ਖ਼ਾਨਦਾਨਾਂ ਦੇ ਅੰਦਾਜ਼ਿਆਂ ਪਰ ਹੁੰਦੀ ਹੈ।

(੫੧) ਦਸ ਪਾਤਸ਼ਾਹ ਸ੍ਰੀ ਗੁਰੂ ਜੀ ਨੇ ਚਾਰ ਬੰਸ ਪਵਿਤ੍ਰ ਕੀਤੇ ਹਨ। (੧) ਬੇਦੀ ਬੰਸ (੨) ਤੇਹਣ ਬੰਸ (੩) ਭੱਲੇ ਬੰਸ (੪) ਸੋਢੀ ਬੰਸ। ਇਹ ਗੁਰੂ ਦੇ ਸਿਖਾਂ ਵਿਚ ਇਕੋ ਜੇਹੇ ਮਾਨ ਜੋਗ ਹਨ ਪਰ ਇਹਨਾਂ ਦਾ ਆਪੋ ਵਿਚ ਇਹ ਭਿੰਨ ਭੇਦ ਹੈ ਕਿ ਸੋਢੀ ਸਾਹਿਬਜ਼ਾਦਿਆਂ ਦੇ ਮਾਨ ਆਦਰ ਯੋਗ ਬੇਦੀ, ਤੇਹਣ ਅਤੇ ਭੱਲੇ ਤਿੰਨਾਂ ਬੰਸਾਂ ਦੇ ਸਾਹਿਬਜ਼ਾਦੇ ਹਨ ਅਤੇ ਭੱਲਿਆਂ ਕਰਕੇ ਮਾਨਯੋਗ ਬੇਦੀ ਅਤੇ ਤੇਹਣ ਬੰਸ ਦੇ ਤਥਾ ਹੀ ਤੇਹਣ ਕਰਕੇ ਆਦ੍ਰ ਯੋਗ ਬੰਸ ਦੇ ਸਾਹਿਬਜ਼ਾਦੇ।

(੫੨) ਸੋਢੀ ਸਾਹਿਬਜ਼ਾਦਿਆਂ ਵਿਚੋਂ ਪ੍ਰਿਥੀ ਚੰਦ ਦੀ ਅੰਸ ਦੀ ਸਗਯਾ ਮੀਣੇ ਹੈ। ਅਤੇ ਧੀਰ ਮਲ ਜੀ ਦੀ ਅੰਸ ਧੀਰ ਮਲੀਏ। ਇਹ ਜੁਦਾ ਰੱਖੇ ਗਏ ਹਨ। ਗੁਰ ਗੱਦੀ ਦੇ ਨਾਲੋਂ ਆਕੀ ਹੋਨੇ ਕਰਕੇ ਇਹਨਾਂ ਦਾ ਖ਼ਾਲਸਾ ਪੰਥ ਦੇ ਨਾਲ ਮੇਲ ਬੰਦ ਹੈ।

ਜਦ ਤੱਕ ਖੰਡੇ ਦੀ ਪਾਹੁਲ ਲੈਕਰ ਦਸ ਪਾਤਸ਼ਾਹੀ ਸ੍ਰੀ ਗੁਰੂ ਜੀ ਦੇ ਝੰਡੇ ਤਲੇ ਆਏ ਕਰ ਤਖਤਾਂ ਦੀ ਤਾਬਿਆ ਨਾ ਹੋਨ ਅਤੇ ਅਪਨੀ ਵਖਰੀ ਬਣਤ ਨੂੰ ਤਿਆਗ ਕਰ ਅਪਨੀ ਤਾਬਿਆ ਵਾਲੀ ਸੰਗਤ ਦਸਾਂ ਪਾਤਸ਼ਾਹੀਆਂ ਦੇ ਤਾਬਿਆ ਨਾ ਕਰਨ, ਤਦਨ ਤੱਕ ਇਹਨਾਂ ਦਾ ਮੇਲ ਨਹੀਂ ਹੋ ਸਕਦਾ।

(੫੩) ਗੁਰੂ ਅੰਸ ਭੀ ਦੋ ਪ੍ਰਕਾਰ ਦੀ ਹੈ, ਇਕ ਚਾਰੋਂ ਬੰਸ ਬਿੰਦੀ ਸੰਤਾਨ ਦੇ ਬਾਬੇ ਸ਼ਾਹਿਬਜ਼ਾਦੇ ਅਤੇ ਦੂਜੇ ਬਖ਼ਸ਼ਾਂ ਵਾਲਿਆਂ ਦੀ ਨਾਦੀ ਅੰਸ ਹੈ ਜੋ ਰਾਮਦਾਸ ਅਥਵਾ ਭਾਈ ਕੇ ਕਹਾਉਂਦੇ ਹਨ। ਇਹ ਭੀ ਸਿੱਖੀ ਵਾਲੇ ਹਨ।

ਪਹਿਲਾ ਦਰਜਾ ਬਾਬਿਆਂ ਸਾਹਿਬਜ਼ਾਦਿਆਂ ਦਾ ਅਤੇ ਦੂਜਾ ਦਰਜਾ ਰਾਮਦਾਸ ਭਾਈਆਂ ਦਾ। ਇਹ ਦੋਵੇਂ ਦਸ ਪਾਤਸ਼ਾਹੀ ਗੁਰੂ ਸਾਹਿਬਾਂ ਦਾ ਸ਼ਾਹੀ ਪ੍ਰਵਾਰ ਹੈ। ਇਹ ਦੋਵੇਂ ਦਰਜੇ ਉਹਨਾਂ ਬਿੰਦੀ ਅਤੇ ਨਾਦੀ ਗੁਰੂ ਅੰਸਾਂ ਦੇ ਹਨ ਜੋ ਜੋ ਸੰਗਤ ਵਿਚ ਪ੍ਰਚਾਰ ਕਰਨ ਵਾਲੇ ਗੱਦੀ ਨਸ਼ੀਨ ਹਨ।

(੫੪) ਗੁਰੂ ਦੀ ਅੰਸ ਸਾਹਿਬਜ਼ਾਦਿਆਂ ਦਾ ਅਤੇ ਸਿੱਖਾਂ ਦੀ ਅੰਸਾਂ ਦਾ ਆਪੋ ਵਿਚ ਦਰਜੇ ਦਾ ਇਹ ਫਰਕ ਸਮਝਣਾ ਜੀਕੁਰ ਬਾਬੇ ਪੋਤਿਆਂ ਦਾ ਅਥਵਾ ਭਾਈਆਂ ਅਤੇ ਬਾਬਿਆਂ ਦਾ ਹੋਇਆ ਕਰਦਾ ਹੈ। ਗੁਰੂ ਕੀ ਅੰਸ ਦਾ ਸਾਹਿਬਜ਼ਾਦਾ ਜੰਮਦਿਆਂ ਹੀ ਬਾਬਾ ਹੋਂਦਾ ਹੈ।

(੫੫) ਗੁਣਾਂ ਦੀ ਵਡਿਆਈ ਜੁਦਾ ਹੈ ਜਿਥੇ ਅੰਸ ਬੰਸ ਦਾ ਵੀਚਾਰ ਹੈ ਉਥੇ ਅੰਸ ਬੰਸ ਦੀ ਹੀ ਪ੍ਰਧਾਨਤਾ ਹੈ ਅਤੇ ਜਿਥੇ ਗੁਣਾਂ ਦਾ ਵੀਚਾਰ ਹੈ ਉਥੇ ਗੁਣਾਂ ਦੀ ਹੀ ਪ੍ਰਧਾਨਤਾ ਹੈ।

(ੳ) ਜੇ ਗੁਰੂ ਅੰਸ ਵਿਚ ਗੁਣ ਹਨ ਤਾਂ ਸ੍ਵਰਨ ਦਾ ਕਲਸਾ ਅੰਮ੍ਰਿਤ ਕਰ ਭਰਿਆ ਹੈ।

(ਅ) ਜੇ ਗੁਰ ਅੰਸ ਵਿਚ ਗੁਣ ਨਹੀਂ ਤਾਂ ਸ੍ਵਰਨ ਦਾ ਘੜਾ ਖ਼ਾਲੀ ਹੈ।

(ੲ) ਜੇ ਗੁਰੂ ਅੰਸ ਵਿਚ ਅਉਗਣ ਹਨ ਤਾਂ ਸ੍ਵਰਨ ਦਾ ਕਲਸਾ ਬਿਖ ਕਰ ਭਰਿਆ ਹੈ।

ਅਤੇ ਚਾਰ ਵਰਣੀ ਸਿੱਖ ਲੋਕ ਪਿਤਲ ਦੇ ਕਲਸੇ ਤੁੱਲ ਤੇ ਚਉਥੇ ਪਉੜੇ ਵਾਲੇ ਕੁੱਪੇ ਤੁਲ। ਇਹਨਾਂ ਵਿਚ ਗੁਣਾਂ ਦੇ ਹੋਨ ਅਥਵਾ ਨਾ ਹੋਨ ਤਥਾ ਅਵਗੁਣਾਂ ਦੇ ਹੋਨ ਦਾ ਵਿਚਾਰ ਉਹੀ ਸਮਝਣਾ ਜੋ ਉੱਤੇ ਗੁਰ ਅੰਸ ਦੇ ਵੇਰਵੇ ਵਿਚ ਆਇਆ ਹੈ।

(੫੬) ਬਿੰਦੀ ਅੰਸ ਦਾ ਅਧਿਕਾਰ ਅੰਸੀ ਦੀ ਗੋਦ ਵਿਚ ਬੈਠਨੇ ਦਾ ਹੈ ਅਤੇ ਨਾਦੀ ਅੰਸ ਦਾ ਅਧਿਕਾਰ ਅੰਸੀ ਦੇ ਚਰਨਾਂ ਵਿਚ ਬੈਠਨੇ ਦਾ ਹੈ। ਜੋ ਕਿਸੀ ਦੇ ਅੰਸ ਬੰਸ ਦਾ ਆਦਰ ਮਾਨ ਕਰਦਾ ਹੈ ਉਹ ਉਸ ਅੰਸੀ ਬੰਸੀ ਦਾ ਆਦਰਮਾਨ ਹੈ ਕਿ ਜਿਸ ਦੀ ਉਹ ਅੰਸ ਬੰਸ ਹੈ ਜਿਸ ਦੇ ਕਾਰਨ ਆਦਰ ਮਾਨ ਕੀਤਾ ਜਾਂਦਾ ਹੈ। ਅੰਸ ਬੰਸ ਤੋਂ ਨੱਕ ਵੱਟਣਾ ਅੰਸੀ ਤੋਂ ਨੱਕ ਵੱਟਣਾ ਹੈ। ਅਤੇ ਅੰਸ ਬੰਸ ਤੋਂ ਬੇਮੁਖਤਾ ਅੰਸੀ ਬੰਸੀ ਦੀ ਬੇਮੁਖਤਾ ਹੈ।

(੫੭) ਸ੍ਰੀ ਗੁਰੂ ਦਸਮੇ ਪਾਤਸ਼ਾਹ ਜੀ ਮਹਾਰਾਜ ਨੇ ਆਪ ਗੁਰੂ ਅੰਸਾਂ ਦਾ ਮਾਨ ਸਤਿਕਾਰ ਕਰਨ ਦਾ ਨਮੂਨਾ ਦਿਖਾਇਆ, ਪੰਜ ਸੌ ਰੁਪਿਆ ਪੁਸ਼ਾਕ ਆਦਿਕ ਭੇਟਾ ਗੁਰ ਅੰਸ ਨੂੰ ਦਿੱਤਾ ਕਰਦੇ ਸਨ। ਇਥੋਂ ਤੱਕ ਕਿ ਇਕ ਦੰਭੀ ਸੁਨਿਯਾਰਾ ਬੇਦੀ ਸਾਹਿਬਜ਼ਾਦੇ ਦਾ ਸ੍ਵਾਂਗ ਧਾਰ ਕੇ ਆਯਾ ਤਾਂ ਅੰਤਰਯਾਮੀ ਨੇ ਜਾਨ ਕਰਕੇ ਭੀ ਮਾਮੂਲੀ ਭੇਟਾ ਅਰਪਨ ਕਰ ਦਿੱਤੀ। ਜਦ ਲੈ ਤੁਰਿਆ ਤਾਂ ਓਸ ਨੇ ਮਨ ਵਿਚ ਗੁਮਾਨ ਕੀਤਾ ਕਿ ਮੈਂ ਨੇ ਗੁਰੂ ਨੂੰ ਠਗ ਲਿਆ ਹੈ ਤਾਂ ਅੰਤਰਯਾਮੀ ਨੇ ਓਸਦੇ ਮਨ ਦੀ ਜਾਨ ਕਰ ਪਕੜਵਾ ਮੰਗਵਾਇਆ। ਸੇਲੀ ਉਤਾਰ ਕੇ ਉੱਚੀ ਕਿੱਲੀ ਦੇ ਨਾਲ ਭੇਟਾ ਸਣੇ ਲਟਕਾਏ ਦਿੱਤੀ ਅਤੇ ਉਸ ਸੁਨਿਆਰੇ ਨੂੰ ਪੌਲਿਆਂ ਦੀ ਮਾਰ ਕਰਾ ਕੇ ਪਾਰ ਬੁਲਾਇਆ। ਸੋ ਗੁਰੂ ਅੰਸਾਂ ਦੀ ਭੇਟਾ ਦਾ ਨੇਮ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਮਹਾਰਾਜ ਨੇ ਓੜਕ ਤੱਕ ਨਿਬਾਹਿਆ। ਜਿਸ ਨੇਮ ਦੀ ਬਾਕੀ ਹੁਣ ਤੱਕ ਸ੍ਰੀ ਹਜ਼ੂਰ ਸੱਚ ਖੰਡ ਅਬਚਲਾ ਨਗਰ ਜੀ ਦੇ ਦਰਬਾਰ ਵਿਚ ਵਰਤਾਰਾ ਵਰਤਿਆ ਆਵੰਦਾ ਹੈ।

(੫੮) ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਮਹਾਰਾਜ ਨੇ ਗੁਰ ਅੰਸਾਂ ਦਾ ਆਦਰਮਾਨ ਭੇਟਾ ਪੂਜਾ ਦੇ ਕਰ ਕੇਵਲ ਆਪ ਹੀ ਨਹੀਂ ਕੀਤਾ ਸਗੋਂ ਸਿੱਖਾਂ ਨੂੰ ਭੀ ਕਰਨ ਦੀ ਤਗੀਦ ਕਰਕੇ ਨਾ ਕਰਨ ਦਾ ਡਰ ਦਸਿਆ। ਸੋ ਉਹ ਬਚਨ ਐਸੀ ਰਹਤਨਾਮੇ ਵਿਚ ਹੈ ਜਿਸ ਵਿਚ ਗੁਰੂ ਗੰਥ ਸਾਹਿਬ ਜੀ ਨੂੰ ਆਪਣਾ ਜਾ-ਨਸ਼ੀਨ ਗੁਰੂ ਥਾਪਨ ਦਾ ਬਚਨ ਲਿਖਿਆ ਹੈ, ਸੋ ਬਚਨ ਇਹ ਹਨ:—

ਕਰੀ ਥਾਪਨਾ ਜਾਸ ਕੀ ਮੋਹਿ ਜੁ ਅਪਨੇ ਹਾਥ ॥
ਤਿਸ ਕੀ ਸਮਸਰ ਜੋ ਕਰੈ ਜਰ ਜਾਵੈ ਕੁਲ ਤਾਸ ॥

ਗੁਰ ਅੰਸਾਂ ਪਰ ਬਚਨ—

ਗੁਰ ਨਾਨਕ ਗੁਰ ਅੰਗਦ ਬੰਸ। ਗੁਰ ਅਮਰਦਾਸ ਤੀਨੋਂ ਕੀ ਅੰਸ ॥

ਤਥਾ ਹੁਕਮਨਾਮੀਆਂ ਪਰ—

ਹੁਕਮ ਨਾਮ ਲਿਖ ਜਾਂ ਕੋ ਦੀਆ । ਤਿਨ ਕੇ ਮਧਿ ਨਿਵਾਸ ਮੈ ਕੀਆ ।
ਤਿਨ ਸਿਉਂ ਦੇਖ ਦੂਰੇ ਸਿਖ ਜੋਈ । ਤਿਨ ਕੀ ਮੁਕਤ ਮੂਲ ਨਾ ਹੋਈ ।
ਜੋ ਥਾਪੇ ਤਿਨ ਕੀ ਕਰਿਹੁ ਪੂਜਾ । ਆਨ ਦੇਵ ਭ੍ਰਮ ਕਾਟੈ ਦੂਜਾ ।

(੫੯) ਤਾਂ ਤੇ ਗੁਰੂ ਕੇ ਸਿੱਖਾਂ ਨੂੰ ਅਪਨੇ ਗੁਰਾਂ ਪਾਤਸ਼ਾਹਾਂ ਸਚੇ ਸਾਹਿਬਾਂ ਦੇ ਸਾਹਿਬਜ਼ਾਦਿਆਂ ਬਾਬਿਆਂ ਦਾ ਆਦਰ ਮਾਨ ਯਥਾ ਯੋਗ ਕਰਨਾ ਅਵਸ਼ ਲੋੜੀਏ ।

(੬੦) "ਪੁਤ੍ਰੀ ਕਉਲ ਨ ਪਾਲਿਓ ਕਰ ਪੀਰਹੁ ਕੰਨ ਮੁਰਟੀਐ ।" ਦੇ ਉਲਟੇ ਅਰਥ ਕਰ ਕੇ ਸਾਹਿਬਜ਼ਾਦਿਆਂ ਦੇ ਵਿਰੁੱਧ ਕੋਈ ਖਿਆਲ ਨਾ ਕਰ ਲੈਣਾ । ਇਸ ਦਾ ਮਤਲਬ ਇਹ ਹੈ ਕਿ ਅਪਨੀ ਗੁਰਿਆਈ ਦੀ ਪਾਤਸ਼ਾਹਤ ਵਾਲੀ ਗੱਦੀ ਦੇਨ ਤੋਂ ਕੰਨ ਮੋੜਿਆ ਸੀ, ਗੁਰ ਅੰਸ ਦੇ ਅਧਿਕਾਰ ਤੋਂ ਤਾਂ ਕੰਨ ਨਹੀਂ ਮੋੜਿਆ । ਸ੍ਰੀ ਗੁਰੂ ਜੀ ਦਾ ਭਾਣਾ ਹੀ ਚਾਰ ਬੰਸਾਂ ਦੇ ਪਵਿਤ੍ਰ ਕਰਨ ਦਾ ਸੀ ਸੋ ਇਸ ਲਈ ਲੈਹਣੇ ਜੀ ਨੂੰ ਪਹਿਲਾਂ ਹੀ ਦੇਖਦਿਆਂ ਸਾਰ ਬਚਨ ਕੀਤਾ ਆਓ ਭਾਈ ਤੂੰ ਲੈਹਣਾ ਤੇ ਅਸੀਂ ਦੇਣਾ । ਤੇ ਪੁੱਤਾਂ ਦੇ ਮਨ ਕੌਲ ਪਾਲਣ ਤੋਂ ਆਪ ਹੀ ਫੇਰ ਦਿੱਤੇ ਜੇ ਬੇਇਨਸਾਫ਼ੀ ਨਾ ਪਾਈ ਜਾਵੇ, ਨਹੀਂ ਤਾਂ ਗੁਰਾਂ ਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਵਸਦਾ ਸੀ । ਕੌਡੇ ਰਾਕਸ਼ਾਂ ਆਦਿ ਦੇ ਦਰਸ਼ਨ ਮਾਤ੍ਰ ਕਰ ਹੀ ਪੱਥਰ ਹਿਰਦੇ ਮੋਮ ਹੋ ਗਏ । ਜੇ ਕਰ ਸ੍ਰੀ ਗੁਰੂ ਜੀ ਚਾਹੁੰਦੇ ਤਾਂ ਸਾਹਿਬਜ਼ਾਦਿਆਂ ਦੇ ਮਨਾਂ ਦਾ ਕੀ ਜਿਗਰਾ ਸੀ ਜੋ ਬਚਨ ਨਾ ਮੰਨਦੇ, ਜਦ ਕਿ ਕਰਨ ਕਾਰਨ ਸ੍ਰੀ ਗੁਰੂ ਜੀ ਆਪ ਹੀ ਸਨ । ਜਦ ਤੱਕ ਗੁਰਆਈ ਬਾਹਰ ਦੇਣ ਦਾ ਸੰਕਲਪ ਸਿੱਧ ਕਰਨਾ ਸੀ ਤਦ ਤੱਕ ਉਹ ਭਾਣਾ ਵਰਤਾਇਆ ਤੇ ਜਦ ਘਰ ਦੀ ਘਰ ਰੱਖਣ ਦਾ ਸਮਾਂ ਆਇਆ ਤਾਂ ਐਸੀ ਹੀ ਸੂਰਤ ਰਚੀ ।

(੬੧) ਗੁਰ ਅੰਸ ਦਾ ਮਾਨ ਸੂਰਜ ਦੀ ਨਿਆਈਂ ਪ੍ਰਗਟ ਹੈ । ਸ੍ਰੀ ਅੰਮ੍ਰਿਤਸਰ ਜੀ ਵਿਖੇ ਬਾਬੇ ਅਟੱਲ ਜੀ ਅਤੇ ਸ੍ਰੀ ਕੀਰਤਪੁਰ ਜੀ ਵਿਖੇ ਬਾਬੇ ਗੁਰਦਿੱਤੇ ਜੀ ਦੇ ਦੇਹੁਰਿਆਂ ਦੀ ਪੂਜਾ ਹੀ ਗੁਰ ਅੰਸ ਦੀ ਮਹਿਮਾ ਦਸ ਰਹੀ ਹੈ ।

❖


# ਗੁਰ-ਗੱਦੀ ਵਲੋਂ ਧਰਮ ਪ੍ਰਚਾਰ ਦੀ ਲਹਿਰ

12 ਜਨਵਰੀ ਤੋਂ 15 ਜਨਵਰੀ ਤਕ ਡੇਰਾ ਭਾਈ ਆਸਾ ਸਿੰਘ ਜੀ, ਅਸਥਾਨ ਭਾਈ ਜਗਤਾ ਜੀ ਨੂਰ ਪੁ... ਵਲ, ਗੋਨੇਆਨਾ ਮੰਡੀ ਜ਼ਿਲਾ ਬਠਿੰਡਾ ਵਿਚ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਗਦੀ ਨਸ਼ੀਨ ਊਨਾ ਸਾਹਿਬ ਨੇ ਸਮੇਤ ਹਜ਼ੂਰੀ ਰਾਗੀ ਜਥੇ ਦੇ ਸਵੇਰੇ ਸ਼ਾਮ ਦੀਵਾਨ ਸਜਾ ਕੇ ਗੁਰਮਤਿ ਪਰਚਾਰ ਦੀ ਅੰਮ੍ਰਿਤ ਬਰਖਾ ਕੀਤੀ । ਜਿਸ ਨੂੰ ਸੰਗਤ ਨੇ ਅਤੀ ਪਸੰਦ ਕੀਤਾ ।

# 'ਅਜੂਨੀ' ਮਾਸਕ ਪੱਤਰ ਦੀ ਮਾਇਕ ਸਹਾਇਤਾ ਲਈ ਪਟਰੋਲ ਪੰਪ ਦਾ ਉਦਘਾਟਨ

੩੧ ਜਨਵਰੀ ਨੂੰ ਦਮਦਮਾ ਸਥਾਨ ਮਨਸੂਰਾਂ ਵਿਖੇ ਦੋ ਅਖੰਡਪਾਠਾਂ ਦੇ ਭੋਗ ਉਪਰੰਤ ਵਡਾ ਭਾਰੀ ਧਾਰਮਿਕ ਸਮਾਗਮ ਹੋਇਆ, ਜਿਸ ਵਿਚ ਇਲਾਕੇ ਦੀਆਂ ਸੰਗਤਾਂ ਹੁਮ ਹੁਮਾਕੇ ਆਈਆਂ ਹੋਈਆਂ ਸਨ । ਉਪਰੰਤ "ਅਜੂਨੀ" ਮਾਸਕ ਪੱਤਰ ਦੀਆਂ ਆਰਥਕ ਔਕੜਾਂ ਨੂੰ ਦੂਰ ਕਰਨ ਹਿਤ ਪਖੋਵਾਲ ਰੋਡ ਮਨਸੂਰਾਂ ਵਿਚ ਇਕ ਪਟਰੋਲ ਪੰਪ ਦਾ ਉਦਘਾਟਨ ਕੀਤਾ ਗਿਆ । ਇਸ ਪਟਰੋਲ ਪੰਪ ਤੋਂ ਸਾਫ਼ ਸੁਥਰਾ ਤੇਲ ਥੋੜੇ ਮੁਨਾਫ਼ੇ ਨਾਲ ਵੇਚਿਆ ਜਾਂਦਾ ਹੈ । ਮੁਨਾਫ਼ੇ ਦਾ ਪੈਸਾ "ਅਜੂਨੀ" ਮਾਸਕ ਪੱਤਰ ਦੀ ਸਹਾਇਤਾ ਲਈ ਵਰਤਿਆ ਜਾਂਦਾ ਹੈ ।

# ਰਾਜ-ਰਿਸ਼ੀ



( ਵਲੋਂ—ਬਾਬਾ ਹਰਬੰਸ ਸਿੰਘ ਜੀ ਬੇਦੀ 'ਉਦਾਸ' ਨਾਭਾ )

ਬਾਬਾ ਸਾਹਿਬ ਸਿੰਘ ਜੀ ਬੇਦੀ ਕੁਲ ਅੰਦਰ, ਪਰਗਟ ਹੋਏ ਪਰਸੰਨ ਜਹਾਨ ਹੋਇਆ।
ਆਇਆ ਖਾਸ ਦਸਮੇਸ਼ ਦਾ ਵਰ ਲੈ ਕੇ, ਖਿੜੀ ਧਰਤ ਰੌਸ਼ਨ ਆਸਮਾਨ ਹੋਇਆ।
ਰਾਜਾ—ਜੋਗੀ—ਤੇਜੱਸਵੀ—ਤੇਜਧਾਰੀ, ਮਹਾਬਲੀ ਯੋਧਾ ਕਲਾਵਾਨ ਹੋਇਆ।
ਦੀਨਾਂ ਦੁਖੀਆਂ ਤੇ ਦਿਆਵਾਨ ਹੋਇਆ, ਦੁਸ਼ਟਾਂ ਦੋਖੀਆਂ ਤੇ ਕਹਿਰਵਾਨ ਹੋਇਆ।
ਬੇੜੀ ਪਾਪ ਦੀ ਭੰਵਰ ਡਬੋ ਦਿਤੀ, ਲਹਿਰਾਂ ਸਾਗਰੀਂ ਖੁਸ਼ੀ ਵਿਚ ਘੁਮਣ ਲਗੀਆਂ।
ਤਰੰਗ ਖੁਸ਼ੀ ਦੀ ਖੰਡ ਬ੍ਰੈ-ਮੰਡ ਛੋਹੇ, ਕਿਰਨਾਂ ਸੂਰਜੀ ਪੈਰ ਤੇਰੇ ਚੁੰਮਣ ਲਗੀਆਂ।

ਸੰਤਾਂ ਸਾਧੂਆਂ ਦੀ ਬਣਿਉਂ ਟੇਕ ਆ ਕੇ, ਭੁਲੇ ਭਟਕਿਆਂ ਨੂੰ ਸਿਧਾ ਰਾਹ ਦਿਸਿਆ।
'ਸਰੂਪਾਂ ਦੇਵੀ ਮਾਤਾ' ਨੇ ਉਹ ਲਾਲ ਜਣਿਆ, ਭਗਤ ਸੂਰਮਾ, ਦਾਤਾ ਸਫ਼ਾ ਦਿਸਿਆ।
ਦਿਸਿਆ ਫ਼ੌਜੀ ਜਰਨੈਲ ਉਹ ਸੂਰਿਆਂ ਨੂੰ, ਰਾਜਵਾੜਿਆਂ ਨੂੰ ਬਾਦਸ਼ਾਹ ਦਿਸਿਆ।
ਦਿਸਿਆ ਭਗਤਾਂ ਨੂੰ ਜੋਤ ਭਗਵਾਨ ਬਾਬਾ, ਦੁਸ਼ਟਾਂ ਤਾਈਂ ਉਹ ਕਹਿਰੇ-ਖੁਦਾ ਦਿਸਿਆ।
ਦੀਨਾਂ ਦੁਖੀਆਂ ਤੇ ਹੁੰਦਾ ਜ਼ੁਲਮ ਤਕ ਕੇ, ਗ਼ੈਰਤ ਡੌਲਿਆਂ 'ਚ ਤੇਰੇ ਫੜਕਦੀ ਸੀ।
ਰਣ ਤਤਿਆਂ ਵਿਚ ਤੇਰੀ ਤੇਗ ਲਿਸ਼ਕੇ, ਧੁਰ ਅਰਸ਼ ਵਿਚੋਂ ਬਿਜਲੀ ਕੜਕਦੀ ਸੀ।

ਜਦੋਂ ਬੈਠਦੇ ਧਰਮ ਦੀਵਾਨ ਅੰਦਰ, ਦਰਸ਼ਨ ਕਰਕੇ ਪ੍ਰੇਮੀ ਫੁਲਦੇ ਸਨ।
ਕਥਾ ਜਦੋਂ ਗੁਰਬਾਣੀ ਦੀ ਆਪ ਕਰਦੇ, ਸੋਮੇ ਅੰਮ੍ਰਿਤ ਦੇ ਅਰਸ਼ਾਂ ਤੋਂ ਡੁਲ੍ਹਦੇ ਸਨ।
ਤੇਰੀ ਛੋਹ ਤੇ ਪ੍ਰੇਮੀ ਜੋ ਹੋਣ ਸਦਕੇ, ਬਹੇ ਅਰਸ਼ ਤੇ ਕੁਰਸ਼ ਦੇ ਖੁਲ੍ਹਦੇ ਸਨ।
ਰਾਜ, ਤੱਪ ਤੇ ਤੇਰੇ ਦਰਬਾਰ ਅੰਦਰ, ਤਖਤ ਤਾਜ ਸ਼ਾਹੀ ਚਰਨੀਂ ਰੁਲਦੇ ਸਨ।
ਵਹਿਗੁਰੂ ਧਰਮ ਦਾ ਸਚਾ ਪ੍ਰਚਾਰ ਕੀਤਾ, ਗਾਡੀ ਰਾਹ ਦਸਿਆ ਛਡ ਪਖੰਡੀਆਂ ਨੂੰ।
ਵਾਹਿਗੁਰੂ ਨਾਮ ਦੀ ਮਿਕਨਾਤੀਸ ਲੈ ਕੇ, ਖਿਚਿਆ ਭੇਖੀਆਂ ਅਤੇ ਪਖੰਡੀਆਂ ਨੂੰ।

ਤੇਰਾ ਹੱਥ 'ਰਣਜੀਤ' ਤੇ ਜਦੋਂ ਟਿਕਿਆ, ਉਡੀਆਂ ਫੇਰ ਜ਼ੁਲਮੀ ਘਟਾ ਕਾਲੀਆਂ ਸਨ।
ਫਿਰ ਪੰਜਾਬ ਵਲ ਕਿਸੇ ਨਾ ਨਜ਼ਰ ਕੀਤੀ, ਫੇਰੇ ਮੂੰਹ ਦੁਰਾਨੀ ਅਬਦਾਲੀਆਂ ਸਨ।
ਮੁਗ਼ਲ ਰਾਜ ਦੀਆਂ ਬਚੀਆਂ ਬੇੜੀਆਂ ਤੂੰ, ਘੁੰਮਣ ਘੇਰੀਆਂ ਵਿਚ ਖੰਗਾਲੀਆਂ ਸਨ।
ਲਗਾ ਹੋਣ ਪੰਜਾਬ ਦਾ ਸਿਰ ਉਚਾ, ਹੋਈਆਂ ਦੂਰ ਬਦੇਸ਼ੀ ਬਦਹਾਲੀਆਂ ਸਨ।
ਕੌਮੀ ਅਣਖ ਤਾਈਂ ਚਾਰ ਚੰਨ ਲਾਏ, ਸਿਖੀ ਧਰਮ ਦਾ ਖ਼ੂਬ ਪਰਚਾਰ ਕੀਤਾ।
ਰਾਜ ਧਰਮ ਨਾਲੇ ਦੇਸ਼ ਕੌਮ ਅੰਦਰ, ਵੱਧ ਚੜ੍ਹ ਸਮਾਜ ਸੁਧਾਰ ਕੀਤਾ।

ਸੇਵਾ ਸਾਧੂ ਦੀ ਸਮਝ ਸੁਭਾਗ ਅਪਣਾ, ਨਿਜ ਨੁਕਸਾਨ ਦਾ ਨਹੀਂ ਵਿਚਾਰ ਕੀਤਾ।
ਨਿਰਧਨ ਮਾਈ ਦੇ ਜੌਂ ਕਬੂਲ ਕੀਤੇ, ਵਾਂਗੂ ਵਡੇ ਸਰਦਾਰਾਂ ਸਤਿਕਾਰ ਕੀਤਾ।
ਕਿਧਰੇ ਬਾਂਦਰਾਂ ਨੂੰ, ਸ਼ੇਰ ਬਚਿਆਂ ਨੂੰ, ਸਿਖ ਸੇਵਕੀ ਸਮਝ ਉਧਾਰ ਕੀਤਾ।
ਜੀਵਨ ਪੰਥ ਤੇ ਦੇਸ਼ ਦੀ ਸੇਵਾ ਲਾ ਕੇ, ਤੂੰ ਵਡੜਾ ਪਰ-ਉਪਕਾਰ ਕੀਤਾ।
ਸੰਤਾਂ ਸਾਧੂਆਂ ਨੂੰ, ਸਿਖ ਸੇਵਕਾਂ ਨੂੰ ਰਾਜੇ ਰਾਣਿਆਂ ਨੂੰ ਕਿਵੇਂ ਪਰਚਾਈ ਦਾ ਏ।
ਬਣ ਕੇ ਰਾਜਾਂ ਜੋਗੀ ਤੁਸੀਂ ਦਸ ਦਿਤਾ, ਕਿਵੇਂ ਰਾਜ ਵਿਚ ਜੋਗ ਕਮਾਈ ਦਾ ਏ।

ਜਿਸ ਕਿਸੇ ਨੇ ਵੀ ਤੇਰੇ ਚਰਨ ਪਰਸੇ, ਦਿਲ ਦਿਮਾਗ ਅੰਦਰ ਰੋਸ਼ਨਾਈ ਹੋ ਗਈ।
ਰਾਜਵਾੜਿਆਂ ਨੂੰ ਰਾਜ ਭਾਗ ਮਿਲਿਆ, ਬ੍ਰਹਮ ਗਿਆਨੀਆਂ ਵਸ ਖੁਦਾਈ ਹੋ ਗਈ।
ਮਿਲਿਆ ਗ੍ਰਿਹਸਤੀ ਨੂੰ ਏਥੋਂ ਸਕੂਨ ਸੱਚਾ, ਤੇ ਉਦਾਸੀ ਦੀ ਸਫਲ ਕਮਾਈ ਹੋ ਗਈ।
ਭੁਲੇ ਭਟਕਿਆਂ ਤੇ ਪਸ਼ੂ ਪੰਛੀਆਂ ਦੀ, ਕਟੀ ਗਈ ਚੁਰਾਸੀ ਸਫ਼ਾਈ ਹੋ ਗਈ।
ਕੀਤਾ "ਨਾਨਕ-ਗੋਬਿੰਦ" ਦਾ ਮਿਸ਼ਨ ਪੂਰਾ, ਵਾਹਿਗੁਰੂ ਨਾਮ ਦੀ ਦਾਤ ਲੁਟਾਈ ਬਾਬਾ।
ਆਦਿ ਅੰਤ ਤੀਕਰ ਰਹਿਸੀ ਨਾਮ ਰੋਸ਼ਨ, ਤੇਰੀ ਧੰਨ ਹੈ ਸਫਲ ਕਮਾਈ ਬਾਬਾ।

❖

## ਪਿੰਡ ਖੰਡੂਰਾਂ ਜ਼ਿਲਾ ਲੁਧਿਆਣਾ ਵਿਖੇ ਸੰਤ ਕਰਤਾਰ ਸਿੰਘ ਭਿੰਡਰਾਂ ਵਾਲਿਆਂ ਦੇ ਕਰ ਕਮਲਾਂ ਨਾਲ ਦਮਦਮਾ ਅਸਥਾਨ ਦਾ ਨੀਂਹ ਪੱਥਰ

6 ਫ਼ਰਵਰੀ ਨੂੰ ਪਿੰਡ ਖੰਡੂਰ ਅਸਥਾਨ ਬਾਬਾ ਸਾਹਿਬ ਸਿੰਘ ਜੀ ਬੇਦੀ ਵਿਖੇ ਇਕ ਵਡਾ ਭਾਰੀ ਧਾਰਮਿਕ ਦੀਵਾਨ ਬਾਬਾ ਮਧੁਸੂਦਨ ਸਿੰਘ ਗਦੀ-ਨਸ਼ੀਨ ਵਲੋਂ ਸਜਾਇਆ ਗਿਆ। ਜਿਸ ਵਿਚ ਬਾਬਾ ਜੀ ਤੋਂ ਬਿਨਾ ਕਾਕਾ ਦਲਜੀਤ ਸਿੰਘ ਤੇ ਮਖਣ ਸਿੰਘ ਦੇ ਰਾਗੀ ਜਥੇ ਨੇ ਕੀਰਤਨ ਦੁਆਰਾ ਅਤੇ ਪ੍ਰਿੰ: ਸੇਵਾ ਸਿੰਘ ਮਾਨ ਐਡੀਟਰ ਅਜੂਨੀ ਤੇ ਸ੍ਰੀਮਾਨ ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਵਖਿਆਨਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲਿਆਂ ਨੇ ਬਾਬਾ ਸਾਹਿਬ ਸਿੰਘ ਜੀ ਬੇਦੀ ਦਮਦਮਾ ਅਸਥਾਨ ਦਾ ਨੀਂਹ ਪੱਥਰ ਆਪਣੇ ਕਰ ਕਮਲਾਂ ਨਾਲ ਰਖਿਆ। ਯਾਦ ਰਹੇ ਬਾਬਾ ਸਾਹਿਬ ਸਿੰਘ ਜੀ ਦੇ ਦਮਦਮੇ ਇਸ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਜੋਧਾਂ, ਮਨਸੂਰਾਂ, ਨਾਰੰਗਵਾਲ ਅਤੇ ਕਿਲ੍ਹਾ ਰਾਇਪੁਰ ਆਦਿ ਵਿਚ ਹਨ।

–o–

ਨੋਟ :— ਬੀਰ ਮ੍ਰਿਗੇਸ਼ ਦਾ ਕਰਤਾ 'ਸ਼ੇਰ ਸਿੰਘ' ਹੈ। ਸਫ਼ਾ 17 ਉਪਰ ਗ਼ਲਤੀ ਨਾਲ 'ਬੀਰ ਸਿੰਘ' ਛਪ ਗਿਆ ਹੈ।

# ਮਧੁਸੂਦਨ ਸੰਦੇਸ਼

ਵਲੋਂ:- ਸ. ਗੁਰਦੀਪ ਸਿੰਘ 'ਪਾਪੀ' ਨਕੋਦਰ।

ਅਜ ਦੇ ਯੁਗ ਦਾ ਬੰਦਾ ਵੇਖਣ ਨੂੰ ਤਾਂ ਚੰਨ ਅਤੇ ਤਾਰਿਆਂ ਤਕ ਪੁਜਣ ਦੇ ਯਤਨ ਕਰ ਰਿਹਾ ਹੈ ਪਰ ਆਚਰਣ ਵਾਲੇ ਪਾਸਿਓਂ ਪਤਾਲ ਵਲ ਨੂੰ ਜਾਂਦਾ ਸਾਫ਼ ਦਿਸ ਰਿਹਾ ਹੈ। ਇਸ ਦਾ ਵੱਡਾ ਕਾਰਨ ਹੈ ਧਰਮ ਤੋਂ ਦੂਰੀ।

ਜੋ ਬੰਦਾ ਧਰਮ ਦੇ ਨੇੜੇ ਹੈ ਓਹ ਕਿਸੇ ਵੀ ਤਰ੍ਹਾਂ ਦੀ ਹੇਰਾ ਫੇਰੀ ਨਹੀਂ ਕਰ ਸਕਦਾ। ਉਸੇ ਤੋਂ ਸਦਾ ਹੀ ਸਰਬੱਤ ਦੇ ਭਲੇ ਦੀ ਆਸ ਕੀਤੀ ਜਾ ਸਕਦੀ ਹੈ ਪਰ ਜੋ ਬੰਦਾਂ ਧਰਮ ਤੋਂ ਦੂਰ ਹੈ ਉਸ ਤੋਂ ਬੁਰਿਆਈ ਹੀ ਮਿਲੇਗੀ ਉਹ ਸਦਾ ਕੇਵਲ ਆਪਣੇ ਲਈ ਹੀ ਸੋਚੇਗਾ।

ਲਗਪਗ ਅਜੇਹਾ ਹੀ ਸਮਾਂ ਸੀ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸੰਸਾਰ ਦੇ ਕਲਿਆਣ ਲਈ ਆਏ ਅਤੇ ਧਰਮ ਤੋਂ ਦੂਰ ਹੋ ਰਹੇ ਲੋਕਾਂ ਨੂੰ ਮੁੜ ਧਰਮ ਦੇ ਨੇੜੇ ਲਿਆਂਦਾ।

ਕੁਝ ਸਾਲ ਹੋਏ ਊਨਾ ਸਾਹਿਬ ਵਿਖੇ ਸੰਤ ਬਾਬਾ ਈਸ਼ਰ ਸਿੰਘ ਜੀ (ਨਾਨਕ ਸਰ ਵਾਲੇ) ਪਧਾਰੇ। ਆਪ ਜੀ ਨੇ ਗੁਰੂ ਅੰਸ ਬਾਬਾ ਮਦਸੂਦਨ ਸਿੰਘ ਜੀ ਅਗੇ ਸੀਸ ਨਿਵਾਇਆ ਤੇ ਇਕ ਸੌ ਇਕ ਰੁਪੈ ਭੇਟ ਕੀਤੇ (ਭਾਵੇਂ ਸੰਤ ਜੀ ਨੇ ਆਪ ਕਦੇ ਭੇਟਾ ਪ੍ਰਵਾਨ ਨਹੀਂ ਸੀ ਕੀਤੀ)।

ਆਪੋ ਵਿਚ ਗਲ ਬਾਤ ਸਮੇਂ ਕੁਝ ਇਸਤਰ੍ਹਾਂ ਬਚਨ ਹੋਏ—ਸੰਤ ਜੀ,—ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਸੇਵਕ ਹੋ ਕੇ ਸੰਗਤਾਂ ਵਿਚ ਨਾਮ ਬਾਣੀ ਦਾ ਪ੍ਰਚਾਰ ਕਰਦੇ ਹਾਂ ਪਰ ਤੁਸੀਂ ਗੁਰੂ ਅੰਸ ਹੋ ਕੇ ਘਰ ਬੈਠੇ ਹੋ ਆਖਰ ਕਿਉਂ?

ਬਾਬਾ ਜੀ:- ਮੈਨੂੰ ਤਾਂ ਇਹ ਸਭ ਕੁਝ ਔਖਾ ਤੇ ਅਨੋਖਾ ਜਿਹਾ ਕੰਮ ਜਾਪਦਾ ਹੈ, ਗਿਆਨ ਗੋਸ਼ਟਾਂ ਮੇਰੇ ਜਿ ਕਾਲਜ ਪੜ੍ਹੇ ਤੋਂ ਕਿਵੇਂ ਹੋ ਸਕਣਗੀਆਂ?

ਸੰਤ ਜੀ:- ਅਸੀਂ ਕਿਹੜਾ ਕਾਸ਼ੀ ਜਾ ਕੇ ਪੜ੍ਹੇ ਹਾਂ, ਤੁਸੀਂ ਹਿੰਮਤ ਕਰੋ, ਗੁਰੂ ਨਾਨਕ ਪਾਤਸ਼ਾਹ ਆ ਕਿਰਪਾ ਕਰਨਗੇ।

ਕੁਝ ਸਮਾਂ ਪਿਛੋਂ ਹੀ ਸੰਤ ਜੀ ਤਾਂ ਗੁਰਪੁਰੀ ਸਿਧਾਰ ਗਏ ਪਰ ਬਾਬਾ ਜੀ ਨੇ ਗੁਰੂ ਨਾਨਕ ਪਾਤਸ਼ਾਹ ਦੇ ਮਿਸ਼ਨ ਦੀ ਪੂਰਤੀ ਲਈ ਕਮਰਕਸੇ ਕਰ ਲਏ। ਫਿਰ ਕੀ ਸੀ:

"ਊਨਾ ਸਾਹਿਬ" ਵਿਖੇ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੀ ਯਾਦ ਵਿਚ ਭਾਰੀ ਜੋੜ ਮੇਲੇ ਹੋਣੇ ਸ਼ੁਰੂ ਹੋ ਗਏ

"ਮਨਸੂਰਾਂ" ਅਤੇ "ਜੋਧਾਂ" ਵਿਖੇ ਦਸਵੀਂ ਥਿਤ ਤੇ ਮੇਲੇ ਹੋਣ ਲਗੇ।

"ਗੁਨਾਂਚੌਰ" ਵਿਖੇ ਸੰਗਰਾਂਦਾਂ, "ਮਲਸੀਆਂ" ਵਿਖੇ ਪੂਰਨਮਾਸ਼ੀਆਂ ਅਤੇ 'ਦੱਖਣੀ ਦੀ ਸਰਾਏ' ਵਿ ਅਮਸਿਆਵਾਂ ਅਤੇ ਵਸਾਖੀਆਂ ਦੇ ਭਾਰੀ ਜੋੜ ਮੇਲੇ ਅਰੰਭ ਹੋ ਗਏ। ਜਿਨ੍ਹਾਂ ਵਿਚ ਭਾਈ ਸਮੁੰਦ ਸਿੰਘ ਜੀ, ਭਾਈ ਬਹਾਦਰ ਸਿੰਘ ਜੀ, ਭਾਈ ਹਰਬੰਸ ਸਿੰਘ ਜੀ ਜਹੇ ਚੋਟੀ ਦੇ ਰਾਗੀ ਜਥੇ, ਭਾਈ ਦਇਆ ਸਿੰਘ ਦਿਲਬਰ, ਅਤੇ ਭਾਈ ਸੁਰਜੀਤ ਸਿੰਘ ਜੀ ਦੇ ਢਾਡੀ ਜਥੇ; ਸ੍ਰ: ਰਾਮ ਨਰੈਣ ਸਿੰਘ 'ਦਰਦੀ' ਅਤੇ ਦਾਸ ਲੇਖਕ 'ਪਾਪੀ' ਵਰਗੇ ਕਵੀ ਸੰਗਤ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕਰਦੇ ਹਨ ਅਤੇ ਬਾਬਾ ਜੀ:

"ਮਨ ਤੂੰ ਜੋਤ ਸਰੂਪ ਹਹਿ, ਅਪਣਾ ਮੂਲ ਪਛਾਣ"

"ਏਕ ਪਿਤਾ ਏਕਸ ਕੇ ਹਮ ਬਾਰਕ"

ਆਦਿ ਵਿਸ਼ਿਆਂ ਤੇ ਨਿਰੋਲ ਧਾਰਮਕ ਲਾਈਨਾਂ ਤੇ ਆਪਣੇ ਵਿਚਾਰਾਂ ਨਾਲ ਸੰਗਤਾਂ ਨੂੰ ਹਲੂਣਾ ਦੇਂਦੇ ਹਨ।

ਅੰਤ ਵਿਚ ਆਪ ਸਦਾ ਸੰਗਤਾਂ ਨੂੰ ਧਰਮ ਦੇ ਨੇੜੇ ਆਉਣ ਦੀ ਅਪੀਲ ਕਰਦੇ ਹਨ ਅਤੇ ਅੰਮ੍ਰਿਤ ਪਾਨ ਕਰਕੇ ਤਿਆਰ ਬਰ ਤਿਆਰ ਸਿੰਘ ਸਜਾਣ ਲਈ ਕਈ ਵੇਰ ਅੰਮ੍ਰਿਤ ਪ੍ਰਚਾਰ ਸਮਾਗਮ ਉਚੇਚੇ ਤੌਰ ਤੇ ਕਰਕੇ ਸਿਖੀ ਦੇ

ਬੂਟੇ ਨੂੰ ਪ੍ਰਵਾਨ ਚਾੜ੍ਹਨ ਦੀ ਭਰਪੂਰ ਕੋਸ਼ਸ਼ ਕੀਤੀ ਜਾਂਦੀ ਹੈ ਅਤੇ ਇਸ ਦੇ ਸਿਟੇ ਵਜੋਂ ਅਨੇਕਾਂ ਸਿੰਘ ਤਿਆਰ ਬਰ ਤਿਆਰ ਹੋ ਰਹੇ ਹਨ।

ਜਿਵੇਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ "ਵਾਹਦਤ" ਭਾਵ ਏਕੇ ਦੇ ਗੀਤ ਗਾਏ। ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਆਪਣੇ ਮੁਬਾਰਕ ਹਥਾਂ ਨਾਲ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ-ਗਦੀ ਤੇ ਬਿਠਾ ਕੇ ਬਾਰਾਂ ਮਿਸਲਾਂ ਨੂੰ ਏਕੇ ਦੀ ਲੜੀ ਵਿਚ ਪਰੋ ਦਿਤਾ।

ਤਿਵੇਂ ਬਾਬਾ ਮਧਸੂਦਨ ਸਿੰਘ ਜੀ ਦੀ ਵੀ ਸਦਾ ਹੀ ਏਹੋ ਚਾਹ ਅਤੇ ਕੋਸ਼ਸ਼ ਰਹੀ ਹੈ ਕਿ ਗੁਰੂ ਪੰਥ ਵਿਚ ਏਕਤਾ ਬਣੀ ਰਹੇ।

"ਰਾਜਾ ਜੋਗੀ" ਬਾਬਾ ਸਾਹਿਬ ਸਿੰਘ ਜੀ ਵਾਂਗ ਹੀ ਬਾਬਾ ਜੀ ਨੇ ਵੀ 'ਊਨਾ ਸਟੇਟ' ਅਤੇ 'ਖਿਆਲੇ ਬਿਲੰਦੇ' ਦੇ ਫ਼ਾਰਮਾਂ ਦਾ ਭਾਰੀ ਕੰਮ ਛਡ ਕੇ ੪੩-੪੪ ਸਾਲ ਦੀ ਉਮਰ ਵਿਚ **ਧਰਮ ਪ੍ਰਚਾਰ** ਲਈ ਦਿਨ ਰਾਤ ਇਕ ਕਰ ਰਖਿਆ ਹੈ। ਕਈ ਕਈ ਸੌ ਮੀਲ ਸਫ਼ਰ ਆਪ ਜੀ ਆਪਣੀ ਕਾਰ ਆਪ ਚਲਾ ਕੇ ਕਰਦੇ ਹਨ। ਲਗ ਪਗ ਸਾਰੇ ਸਮਾਗਮਾਂ ਵਿਖੇ ਆਪ ਜੀ ਦੇ ਪਰਾਵਾਰਕ ਮੁਨਸ਼ੀ ਭਾਈ ਜਸਵੰਤ ਸਿੰਘ ਜੀ ਵੀ (ਜੋ ਚੰਗੇ ਰਾਗੀ ਵੀ ਹਨ ਅਤੇ 'ਤਾਹੀਓਂ ਸਾਨੂੰ ਊਨਾ ਸਾਹਿਬ ਲਗਦਾ ਬਹੁਤ ਪਿਆਰਾ' ਸੁਣਾ ਕੇ ਸੰਗਤਾਂ ਨੂੰ ਪ੍ਰਸੰਨ ਕਰਦੇ ਹਨ) ਨਾਲ ਹੁੰਦੇ ਹਨ। ਮੁਨਸ਼ੀ ਜੀ ਦਾ ਸਾਥ ਦੇਣ ਲਈ ਭਾ: ਮਖਣ ਸਿੰਘ ਜੀ ਨਾਲ ਹੁੰਦੇ ਹਨ। ਵਡੇ ਅਤੇ ਛੋਟੇ ਮਾਤਾ ਜੀ ਅਤੇ ਛੋਟੇ ਬਾਬਾ ਜੀ (ਟਿਕਾ ਸਰਬਜੋਤ ਸਿੰਘ ਜੀ) ਵੀ ਕਈ ਸਮਾਗਮਾਂ ਸਮੇਂ ਪਧਾਰਦੇ ਹਨ। ਲਗਪਗ ਸਾਰੇ ਗੁਰਗਦੀ ਅਸਥਾਨਾਂ ਦੀ ਦੇਖ ਭਾਲ ਸ. ਸੁਜਾਨ ਸਿੰਘ ਜੀ 'ਜਾਚਕ' ਨਕੋਦਰ ਵਾਲੇ ਬੜੀ ਲਗਣ ਨਾਲ ਕਰ ਰਹੇ ਹਨ ਅਤੇ ਉਹਨਾਂ ਤੇ ਬਾਬਾ ਜੀ ਦੀ ਬੜੀ ਕਿਰਪਾਲਤਾ ਹੈ।

"ਦਮਦਮਾ ਸਾਹਿਬ" ਦਖਣੀ ਦੀ ਸਰਾਏ ਦੇ ਨੇੜੇ ਇਕ ਪਿੰਡ ਜਹਾਂਗੀਰ ਦੇ ਜਥੇਦਾਰ ਮੋਹਨ ਸਿੰਘ ਅਤੇ ਨਾਜ਼ਰ ਸਿੰਘ ਦੀਵਾਨ ਸਿੰਘ, ਮਹਿੰਦਰ ਸਿੰਘ, ਸੰਤੋਖ ਸਿੰਘ, ਨਗਿੰਦਰ ਸਿੰਘ, ਗੁਰਬਖਸ਼ ਸਿੰਘ ਆਦਿ ਸਿੰਘਾਂ ਦਾ ਬਾਵਰਦੀ ਜਥਾ ਵੀ ਸੇਵਾ ਲਈ ਸਦਾ ਤਿਆਰ ਬਰ ਤਿਆਰ ਰਹਿੰਦਾ ਹੈ।

ਬਾਬਾ ਜੀ ਪਾਸ ਜੋ ਖੁਲ੍ਹਾ ਸਮਾਗਮ ਹੁੰਦਾ ਹੈ ਤਾਂ ਆਪ ਕਈ ਤਰ੍ਹਾਂ ਦੇ ਸ਼ੰਕੇ ਬੜੇ ਪਿਆਰ ਨਾਲ ਸਮਝਾ ਕੇ ਦੂਰ ਕਰਦੇ ਹਨ। ਜਿਵੇਂ ਇਕ ਅਜੇਹੇ ਹੀ ਸਮੇਂ ਆਪ ਜੀ ਨੇ ਫਰਮਾਇਆ —

"ਕੁਝ ਲੋਕ ਮੈਨੂੰ ਮਥਾ ਟੇਕਣ ਬਾਰੇ ਪੁਛਾਂ ਕਰਦੇ ਹਨ" ਪਰ ਭਈ ਮੈਂ ਤਾਂ ਕਦੇ ਕਿਸੇ ਨੂੰ ਅਜੇਹਾ ਕਰਨ ਲਈ ਨਹੀਂ ਕਿਹਾ। ਫਿਰ ਵੀ ਜੋ ਅਜੇਹਾ ਕਰਦੇ ਹਨ ਉਹ ਗੁਰੂ ਨਾਨਕ ਦੀ ਗਦੀ ਨੂੰ ਮਥਾ ਟੇਕਦੇ ਹਨ, ਮੈਨੂੰ ਨਹੀਂ।"

"ਮੈਂ ਤਾਂ ਗੁਰੂ ਨਾਨਕ ਦਾ ਬਾਰਕ ਹਾਂ ਅਤੇ ਇਹੋ ਬੇਨਤੀ ਗੁਰੂ ਨਾਨਕ ਪਾਤਸ਼ਾਹ ਅਗੇ ਕਰਦਾ ਹਾਂ ਕਿ ਪਾਤਸ਼ਾਹ ਜੀ ਮੈਨੂੰ ਤਾਂ ਕੁਝ ਪਤਾ ਨਹੀਂ, ਜੋ ਤੇਰੀ ਗੱਦੀ ਸਾਹਵੇਂ ਨਿਓਂਦਾ ਹੈ ਉਸ ਨੂੰ ਆਪ ਹੀ ਉਚਾ ਉਠਾਓ, ਉਸ ਦੇ ਆਪ ਹੀ ਕਾਰਜ ਰਾਸ ਕਰੋ।"

❖

# ਜਗਰਾਉਂ ਸ਼ਹਿਰ ਵਿਚ ਸ. ਕੇਸਰ ਸਿੰਘ ਗੁਰਸਿਖ ਦੇ ਗ੍ਰਹਿ ਵਿਖੇ ਅਖੰਡਪਾਠ

18 ਤੋਂ 23 ਫ਼ਰਵਰੀ ਤਕ ਸ: ਕੇਸਰ ਸਿੰਘ ਜੀ ਜਗਰਾਉਂ ਦੇ ਗ੍ਰਹਿ ਵਿਖੇ ਗੁਰਗੱਦੀ ਵਲੋਂ ਅਖੰਡਪਾਠ ਕਰਵਾਇਆ ਗਿਆ। ਸਾਰੇ ਦਿਨ ਸੁਭਾ ਸ਼ਾਮ ਦੀਵਾਨ ਸਜਦੇ ਰਹੇ ਹਨ ਜਿਨ੍ਹਾਂ ਵਿਚ ਸ੍ਰੀ ਹਜ਼ੂਰ ਬਾਬਾ ਮਧਸੂਦਨ ਸਿੰਘ ਦੇ ਵਖਿਆਨਾਂ ਅਤੇ ਰਾਗੀ ਜਥਾ ਕਾਕਾ ਦਲਜੀਤ ਸਿੰਘ ਅਤੇ ਭਾ: ਮਖਣ ਸਿੰਘ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਗਦ ਗਦ ਕੀਤਾ।

# ਰਾਜਾ ਜੋਗੀ
## (ਅਰਥਾਤ ਸ੍ਰੀ ਮਾਨ ਬਾਬਾ ਸਾਹਿਬ ਸਿੰਘ ਜੀ ਬੇਦੀ)

[ ਸ. ਗੁਰਦੇਵ ਸਿੰਘ 'ਮਾਨ' ]

ਨਾਨਕ ਦੀ ਕੁਲ ਦੇ ਦੀਪਕ, ਤੂੰ ਸੂਰਜਾਂ ਦਾ ਸਾਨੀ ।
ਤੇਰੇ ਮਹਾਨ ਜਸ ਦੀ, ਚਰਚਾ ਹੈ ਆਸਮਾਨੀ ।
ਹਰ ਨਾੜ ਨਾੜ ਅੰਦਰ, ਨਾਨਕ ਦਾ ਖੂਨ ਹੈ ਸੀ ।
ਬਾਣੀ ਦਾ ਪਿਆਰ, ਤੇਰੇ ਦਿਲ ਦਾ ਜਨੂਨ ਹੈ ਸੀ ।
ਸ਼ਾਹਾਂ ਦੇ ਸ਼ਾਹ ਦੇ ਦਰ ਦਾ, ਪੁਜਿਆ ਫ਼ਕੀਰ ਸੈਂ ਤੂੰ ।
ਨਾਨਕ ਦੇ ਸਾਹਵੇਂ ਸਭ ਨੂੰ, ਮੰਨਦਾ ਹਕੀਰ ਸੈਂ ਤੂੰ ।
ਤੂੰ ਅਜ਼ਮਤਾਂ ਦਾ ਮਾਲਿਕ, ਬਖਸ਼ਿਸ਼ ਭੰਡਾਰ ਸੈਂ ਤੂੰ ।
"ਸਾਹਿਬ" ਸੈਂ ਚੇਰਾ ਹੁੰਦਿਆਂ, ਸਾਹਿਬ ਦਾ ਯਾਰ ਸੈਂ ਤੂੰ ।
ਸਿੱਖੀ ਦਾ ਫੇਰ ਤੂੰ ਸੀ, ਰੌਸ਼ਨ ਮੀਨਾਰ ਕੀਤਾ ।
ਬਾਣੀ ਦੇ ਕੀਰਤਨ ਦਾ, ਰਸਤਾ ਹਮਵਾਰ ਕੀਤਾ ।
ਇਕ ਸੰਤ ਸੈਂ ਤੂੰ ਪੂਰਾ, ਇਕ ਕਰਮਯੋਗੀ ਸੂਰਾ ।
ਹੰਕਾਰ ਤੇਰੇ ਦਰ ਤੇ, ਹੁੰਦਾ ਸੀ ਚੂਰਾ ਚੂਰਾ ।
ਨਾਨਕ ਨੇ ਸਭ ਤੋਂ ਪਹਿਲਾਂ, "ਸਚ" ਪੰਥ ਸੀ ਚਲਾਇਆ ।
ਸਿਖਾਂ ਨੂੰ ਸਭ ਤੋਂ ਪਹਿਲਾਂ, ਤੂੰ ਰਾਜ-ਤਿਲਕ ਲਾਇਆ ।
ਤੇਰੀ ਜ਼ਾਤ ਦਾ ਕ੍ਰਿਸ਼ਮਾ, ਹਰ ਵਾਰ ਨਜ਼ਰ ਆਇਆ ।
ਜਦ ਆਈਆਂ ਔਕੜਾਂ ਨੂੰ, ਸੁਲਝਾ ਕੇ ਤੂੰ ਵਿਖਾਇਆ ।
ਰਣਜੀਤ ਸਿੰਘ ਤੇ ਭੰਗੀ, ਤੂੰ ਲੜਨ ਤੋਂ ਹਟਾਏ ।
ਵੈਰੀ ਬਣੇ ਭਰਾ ਵੀ, ਮੁੜ ਕੇ ਗਲੇ ਮਿਲਾਏ ।
ਤੂੰ ਸਿੱਖ ਰਾਜ ਖਾਤਰ, ਘਾਲਣ ਮਹਾਨ ਘਾਲੀ ।
ਰਣਜੀਤ ਸਿੰਘ ਨਾਲੋਂ ਰੁਤਬਾ ਤੇਰਾ ਸੀ ਉੱਚ ਆਲੀ ।
ਤੂੰ ਫੂਲਾ ਸਿੰਘ ਜਹੇ ਯੋਧੇ, ਆਕੀ ਨਾ ਹੋਣ ਦਿੱਤੇ ।
ਸਿਖ ਰਾਜ ਤਾਈਂ ਫੁਟ ਦੇ, ਕੰਢੇ ਨਾ ਛੋਹਣ ਦਿਤੇ ।
ਤੂੰ ਢਹਿੰਦੇ ਗੁਰਦੁਵਾਰੇ, ਮੁੜ ਕੇ ਉਸਾਰ ਦਿਤੇ ।
ਵਡੀਆਂ ਲਵਾ ਜਗੀਰਾਂ, ਚਿਠੇ ਹੀ ਤਾਰ ਦਿਤੇ ।
ਨਨਕਾਣਾ ਸਾਹਿਬ ਮੰਦਰ, ਤੂੰ ਹੈਂ ਬਨਾਣ ਵਾਲਾ ।
ਘੋੜੇ ਨੂੰ ਪਿੱਠ ਤੇ ਬਹਿ ਕੇ, ਦਿਨ ਭਰ ਘੁਮਾਣ ਵਾਲਾ ।
ਤੂੰ ਥੱਕਿਆ ਨਾ ਉੱਕਾ, ਗੁਰੂ ਘਰ ਦੇ ਕਾਜ ਖਾਤਰ ।
ਬੇਅੰਤ ਘਾਲ ਘਾਲੀ, ਤੂੰ ਸਿਖ-ਰਾਜ ਖਾਤਰ ।
ਜਿਸ ਦਮ ਸਾਲਾਰ ਖ਼ਾਂ ਨੇ, ਰਾਏ ਕੋਟ ਕਹਿਰ ਕੀਤਾ ।
ਸਿਖਾਂ ਨੇ ਬੇਬਸੀ ਵਿਚ, ਇਕ ਜ਼ਹਿਰ ਘੁਟ ਪੀਤਾ ।

ਇਕ ਦਮ ਰਕਾਬ ਅੰਦਰ, ਤੂੰ ਹੀ ਸੀ ਪੈਰ ਪਾਇਆ ।
ਇਕ "ਵਾਰ" ਸੰਗ "ਸਲਾਰੂ", ਤੂੰ ਪਾਰ ਸੀ ਬੁਲਾਇਆ ।

ਗੁਰਧਾਮ ਫਿਰ ਉਸਾਰੇ, ਜ਼ਾਲਮ ਨੂੰ ਡੰਡ ਦਿਤਾ ।
ਜਿਤਿਆ ਹੋਇਆ ਇਲਾਕਾ, ਉਹਨਾਂ 'ਚ ਵੰਡ ਦਿਤਾ ।

ਸੇਵਾ ਜੇ ਤੇਰੀ ਤੱਕੀਏ, ਕਿਤਨਾ ਮਹਾਨ ਸੈਂ ਤੂੰ ।
ਭੁਖਿਆਂ ਤੇ ਬੇ-ਬਸਾਂ ਦਾ, ਇਕ ਮੇਜ਼ਬਾਨ ਸੈਂ ਤੂੰ ।

ਤੂੰ ਆਏ ਸਾਧੂਆਂ ਦਾ, ਲੰਗਰ ਬਨਾਣ ਖਾਤਰ ।
ਬੂਹੇ, ਬਾਰੀਆਂ ਜਲਾਏ, ਸਾਹਿਬ ਰੀਝਾਨ ਖਾਤਰ ।

ਸਿਖ ਜਗਤ ਤਾਈਂ ਹੁਣ ਫਿਰ, ਤੇਰੀ ਲੋੜ ਜਾਪਦੀ ਹੈ ।
ਸਮਝਣ 'ਪੰਥ' ਨੂੰ, ਆਗੂ, ਜਾਇਦਾਦ ਬਾਪ ਦੀ ਹੈ ।

ਕਲਯੁਗ ਹੈ ਘੋਰ ਬਾਬਾ, ਸੱਤਿਆ ਗਈ ਹੋਈ ਹੈ ।
ਕੋਈ ਨਹੀਂ ਕਿਸੇ ਨੂੰ ਪੁਛਦਾ, ਅਪਣੀ ਪਈ ਹੋਈ ਹੈ ।

ਸੇਵਾ ਧਰਮ ਦੀ ਥਾਵੇਂ, ਵਿਡ ਪਾਲਣਾ ਧਰਮ ਹੈ ।
ਰਿਸ਼ਵਤ ਦਾ ਹਰ ਤਰਫ਼ ਹੀ, ਬਾਜ਼ਾਰ ਇਕ ਗਰਮ ਹੈ ।

ਲੰਗਰ ਲਈ ਅਪਣੇ ਬੂਹੇ, ਹੁਣ ਕੌਣ ਬਾਲਦਾ ਹੈ ।
ਲੋਕਾਂ ਦੇ ਪੁਟ ਲਿਆਵਾਂ, ਹੁਣ ਤਾਂ ਇਹ ਭਾਲਦਾ ਹੈ ।

ਫਿਰ ਆਪਣੀ ਪੀਹੜੀ 'ਚੋਂ ਹੀ, ਚਾਨਣ ਉਗਾਈਂ ਆਪੇ ।
ਫਿਰ ਧੁੰਧ ਪੈ ਰਹੀ ਹੈ, ਰਸਤਾ ਵਿਖਾਈਂ ਆਪੇ ।

ਜੇ ਹੁਣ ਸੰਭਾਲਿਆ ਨਾ, ਫਿਰ ਨਹੀਂ ਸੰਭਾਲ ਹੋਣਾ ।
ਦੀਵਾ ਲਿਆਂ ਵੀ ਗੁਰਸਿਖ, ਭਾਲੇ ਨਹੀਂ ਭਾਲ ਹੋਣਾ ।

ਤੇਰੇ ਹੀ ਘਰ ਤੇ ਆਸਾਂ, ਸੰਸਾਰ ਨੇ ਲਗਾਈਆਂ ।
ਤੇਰੇ ਹੀ ਦਰ ਤੇ ਅੱਖੀਆਂ, ਦੁਨੀਆਂ ਨੇ ਹਨ ਵਿਛਾਈਆਂ ।

ਫਿਰ ਨਾਮ ਬਾਣੀ ਵਾਲਾ, ਚਕਰ ਤੁਸੀਂ ਚਲਾਓ ।
ਖ਼ੁਦਗਰਜ਼ ਬੰਦਿਆਂ ਨੂੰ, ਸੇਵਾ ਦੀ ਚਿਟਕ ਲਾਓ ।

ਨਾਨਕ ਗੁਰੂ ਦੇ ਜਾਇਓ, ਇਸ ਬਾਗ ਨੂੰ ਸੰਭਾਲੋ ।
ਇਹੋ ਮੰਗ 'ਮਾਨ' ਦੀ ਹੈ, ਅਪਣੇ ਬਿਰਦ ਨੂੰ ਪਾਲੋ ।

❖

## ਦਮਦਮਾ ਅਸਥਾਨ ਪਿੰਡ ਮਨਸੂਰਾਂ ਵਿਖੇ ਪੰਜ ਸੰਪਟ ਅਖੰਡਪਾਠਾਂ ਦਾ ਭੋਗ

(ਸੰਤ ਸਾਧੂ ਸਿੰਘ ਜੀ ਨਾਨਕਸਰ ਵਾਲਿਆਂ ਨੇ ਸਮੇਤ ਜਥੇ ਦੇ ਇਸ ਪਵਿਤਰ ਕਾਰਜ ਨੂੰ ਨੇਪਰੇ ਚੜ੍ਹਾਇਆ ।)

1 ਮਾਰਚ ਤੋਂ 7 ਮਾਰਚ ਤਕ ਦਮਦਮਾ ਅਸਥਾਨ ਮਨਸੂਰਾਂ ਵਿਖੇ ਟਿੱਕਾ ਸਰਬਜੋਤ ਸਿੰਘ ਜੀ ਦੀ ਸਿਹਤ-ਯਾਬੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਸੰਪਟ ਅਖੰਡਪਾਠ ਕੀਤੇ ਗਏ । ਇਸ ਪਵਿਤਰ ਕਾਰਜ ਨੂੰ ਸ੍ਰੀਮਾਨ ਸੰਤ ਸਾਧੂ ਸਿੰਘ ਜੀ ਨਾਨਕਸਰ ਵਾਲਿਆਂ ਨੇ ਆਪਣੇ ਜਥੇ ਸਮੇਤ ਬੜੀ ਸੁਚੱਜਤਾ ਨਾਲ ਨੇਪਰੇ ਚੜ੍ਹਾਇਆ । ਇਨ੍ਹਾਂ ਦਿਨਾਂ ਵਿਚ ਬੜੇ ਭਾਰੀ ਧਾਰਮਿਕ ਦੀਵਾਨ ਸਜਦੇ ਰਹੇ । ਇਨ੍ਹਾਂ ਦੀਵਾਨਾਂ ਵਿਚ ਬਾਬਾ ਜੀ, ਸੰਤ ਸਾਧੂ ਸਿੰਘ ਜੀ, ਐਡੀਟਰ 'ਅਜੂਨੀ' ਤੋਂ ਬਿਨਾਂ ਭਾਈ ਸਾਹਿਬ ਹਰਬੰਸ ਸਿੰਘ ਜੀ ਅਤੇ ਭਾਈ ਸਾਹਿਬ ਬਹਾਦਰ ਸਿੰਘ ਜੀ ਦੇ ਰਾਗੀ ਜਥਿਆਂ ਅਤੇ ਪੰ. ਸੁਚਾ ਸਿੰਘ ਜੀ ਦੇ ਢਾਡੀ ਜਥੇ ਨੇ ਮਨੋਹਰ ਕੀਰਤਨ ਤੇ ਵਿਖਿਆਨਾਂ ਦੁਆਰਾ ਸੰਗਤਾਂ ਨੂੰ ਗੁਰਮਤ ਦਾ ਪਿਆਰ ਅਤੇ ਉਤਸ਼ਾਹ ਪ੍ਰਦਾਨ ਕੀਤਾ ।

# ਸ੍ਰੀ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਸਾਹਿਬ ! ਮਹਾਰਾਜਾ ਰਣਜੀਤ ਸਿੰਘ ਤੇ ਸੰਧਾਂਵਾਲੀਏ ਸਰਦਾਰ ਅਮੀਰ ਸਿੰਘ ਜੀ

( ਵਲੋਂ :—ਗਿਆਨੀ ਈਸ਼ਰ ਸਿੰਘ ਜੀ ਨਾਰਾ, ਦਿਲੀ ਗੇਟ, ਦਿਲੀ )

ਸੰਧਾਂਵਾਲੀਏ ਸ. ਅਮੀਰ ਸਿੰਘ ਤੇ ਇਨ੍ਹਾਂ ਦੇ ਪੰਜ ਸਪੁਤ੍ਰਾਂ (ਸ. ਲਹਿਣਾ ਸਿੰਘ, ਸ. ਵਸਾਵਾ ਸਿੰਘ, ਸ. ਬੁਧ ਸਿੰਘ, ਸ. ਅਤਰ ਸਿੰਘ ਅਤੇ ਸ. ਜੈਮਲ ਸਿੰਘ) ਨੇ ਲਾਹੌਰ ਦਰਬਾਰ (ਖਾਲਸਾ ਰਾਜ) ਦੀ ਬਹੁਤ ਸੇਵਾ ਕੀਤੀ ਜਗੀਰਾਂ ਤੋਂ ਵਖਰੇ ਰਾਜ-ਦਰਬਾਰ ਵਿਚ ਚੰਗੇ ਚੰਗੇ ਰੁਤਬੇ ਪਾਏ ਸਨ। ਇਹ ਸੰਧਾਂਵਾਲੀਏ ਸਰਦਾਰ, ਮਹਾਰਾਜਾ ਰਣਜੀਤ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਵੀ ਸਨ, ਜਿਸ ਤੇ ਰਾਜ-ਘਰਾਣੇ ਦੇ ਸ਼ੁਭ-ਚਿੰਤਕ ਅਤੇ ਦਰਬਾਰ ਦੇ ਸੱ ਹਿਤਕਾਰੀ ਸਨ। ਇਹ ਰਾਜ-ਘਰਾਣੇ ਦੇ ਅੰਦਰ ਬਾਹਰ ਦੇ ਹਿਤੈਸ਼ੀਆਂ ਤੇ ਕਪਟੀ ਲੋਕਾਂ ਤੋਂ ਚੰਗੇ ਜਾਣੂ ਸਨ। ਜਿ ਤੇ ਰਾਜ-ਦਰਬਾਰ ਵਿਚ ਡੋਗਰੇ ਭਰਾਵਾਂ ਦੇ ਵਿਛਾਏ ਜਾ ਰਹੇ ਜਾਲ ਤੋਂ ਪੂਰੇ ਵਾਕਫ ਸਨ।

ਸੰਨ ੧੮੦੭ ਵਿਚ ਕਸੂਰ ਦੀ ਜੰਗ ਵੇਲੇ ਪਠਾਣਾਂ ਨਾਲ ਲੜਦੇ ਹੋਇਆਂ ਜੋ ਬਹਾਦਰੀ ਇਨ੍ਹਾਂ ਸੰਧ ਵਾਲੀਏ ਸਰਦਾਰ ਭਰਾਵਾਂ ਵਿਖਾਈ ਸੀ, ਫਿਰ ਚੁਨਾਬ ਤੇ ਸਿੰਧ ਦੀਆਂ ਮੁਹਿੰਮਾਂ ਵਿਚ ਵੀ ਨਾਲੋਂ ਨਾਲ ਲੜੇ, ਫ਼ਤ ਯਾਬੀਆਂ ਪ੍ਰਾਪਤ ਕੀਤੀਆਂ ਸਨ, ਇਸ ਬਦਲੇ ਵਿਚ ਮਹਾਰਾਜਾ ਰਣਜੀਤ ਸਿੰਘ ਵਲੋਂ ਇਨ੍ਹਾਂ ਸਾਰਿਆਂ ਨੂੰ ਬਹੁਤ ਰੁਤਬੇ ਅਤੇ ਜਗੀਰਾਂ ਮਿਲੀਆਂ ਸਨ। ਫਿਰ ਜੰਮੂ ਦੀ ਫ਼ਤਹਿ ਪਿਛੋਂ ਹਰਨੀਆਂ, ਨੌ ਨਾਰ ਤੇ ਰੱਤਾ ਅਤਾਲ ਦੀਅ ੧ ਲਖ ਤੋਂ ਵਧੀਕ ਜਗੀਰਾਂ ਹੋਰ ਮਿਲੀਆਂ ਸਨ। ਪਰ ਇਨ੍ਹਾਂ ਦੀ ਵਡਿਆਈ ਨੂੰ ਨ ਸਹਾਰਦੇ ਹੋਇ ਡੋਗਰ ਭਰਾਵਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਝੂਠੇ ਇਲਜ਼ਾਮ ਦਸ ਦਸ ਕੇ ਇਨ੍ਹਾਂ ਵਿਰੁਧ ਭੜਕਾ ਦਿਤਾ ਸਗੋਂ ਬਦ-ਨਜ਼ਰ ਕਰ ਦਿਤਾ ਸੀ।

ਹੁਣ ਜੈਸੇ ਸੰਧਾਂ ਵਾਲੀਏ ਸਰਦਾਰ—ਉਕਤ ਡੋਗਰੇ ਭਰਾਵਾਂ ਦੇ ਲਾਹੌਰ ਦਰਬਾਰ ਵਿਚ ਵਧ ਰਹੇ ਅਸ ਰਸੂਖ਼ ਨੂੰ ਸਿਖ ਰਾਜ ਵਾਸਤੇ ਹਾਨੀਕਾਰਕ ਸਮਝਦੇ ਸਨ, ਤੇ ਮਹਾਰਾਜਾ ਰਣਜੀਤ ਸਿੰਘ ਨੂੰ, ਅਕਾਲੀ ਫੂਲਾ ਸਿੰਘ ਤੇ ਬਾਬਾ ਸਾਹਿਬ ਸਿੰਘ ਜੀ ਬੇਦੀ ਜੀ ਨੂੰ ਸਭ ਕੁਝ ਸੁਣਾਇਆ ਕਰਦੇ ਸਨ, ਐਸੇ ਰਾਜਾ ਧਿਆਨ ਸਿੰਘ ਵੀ ਸੰਧ ਵਾਲੀਏ ਸਰਦਾਰਾਂ ਬਾਬਤ ਮਹਾਰਾਜਾ ਸਾਹਿਬ ਨੂੰ ਕਈ ਮਨਘੜਤ ਗਲਾਂ ਸੁਣਾ ਸੁਣਾ ਕੇ ਇਨ੍ਹਾਂ ਉਤੇ ਬਦਜ਼ ਕਰਦੇ ਰਹੇ ਸਨ। ਇਨ੍ਹਾਂ ਡੋਗਰੇ ਭਰਾਵਾਂ ਨੇ ਮਹਾਰਾਜਾ ਸਾਹਿਬ ਨੂੰ ਐਸਾ ਦਸ ਦਸਾ ਕੇ ਯਕੀਨ ਕਰਾ ਦਿਤਾ ਸੀ ਕਿ ਸੰਧਾਂ ਵਾਲੀਏ ਸਰਦਾਰ ਤੁਸਾਡੇ ਜਦੀ ਹੋਣ ਦੇ ਨਾਤੇ ਰਾਜ ਘਰਾਣੇ ਵਾਸਤੇ ਖਤਰਨਾਕ ਸਾਬਤ ਹੋ ਸਕਦੇ ਹਨ, ਅਗਰ ਇਨ੍ਹਾਂ ਇਸੇ ਤਰ੍ਹਾਂ ਦੀ ਤਾਕਤ ਨੂੰ ਵਧੇਰੇ ਹਾਸਲ ਕੀਤਾ।

ਮਹਾਰਾਜਾ ਸਾਹਿਬ ਉਤੇ ਇਨ੍ਹਾਂ ਦਾ ਜਾਦੂ ਚੱਲ ਚੁਕਾ ਸੀ। ਤਵਾਰੀਖੀ ਜ਼ਿਕਰ ਲੰਮਾ ਚੌੜਾ ਹੈ ਇਥੇ ਵਿਸਥਾਰ ਨਹੀਂ ਕੀਤਾ ਜਾਂਦਾ। ਪੂਰਾ ਵਿਸਥਾਰ ਰਾਜਾ ਜੋਗੀ ਪੁਸਤਕ ਵਿਚ ਦਿੱਤਾ ਹੈ, ਪਰ ਇਸ ਸਾਰੀ ਉਕਸਾਹਟ ਦਾ ਨਤੀਜਾ ਇਹ ਹੋਇਆ ਕਿ ਇਕ ਦਿਨ ਵਧੇਰੇ ਭੜਕਾਹਟ ਵਿਚ ਆ ਕੇ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਅਮੀਰ ਸਿੰਘ ਦੀਆਂ ਸਭ ਜਾਗੀਰਾਂ ਨੂੰ ਜ਼ਬਤ ਅਤੇ ਉਨ੍ਹਾਂ ਨੂੰ ਕੈਦ ਕਰ ਲੈਣ ਦੇ ਫੁਰਮਾਨ ਜਾਰੀ ਕਰ ਦਿਤੇ। ਤਦ ਇਸ ਖਬਰ ਦੇ ਮਿਲਦੇ ਸਾਰ ਕਰਤਾਰ ਦਾ ਭਾਣਾ ਮੰਨਦੇ ਹੋਇਆਂ, ਸਰਦਾਰ ਅਮੀਰ ਸਿੰਘ ਨੱਸ ਤੁਰੇ ਤੇ ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਵਾਲਿਆਂ ਪਾਸ ਪੁੱਜ ਜਾਣ ਵਿਚ ਸਫਲ ਹੋ ਗਏ।

ਸਰਦਾਰ ਜੀ ਨੇ ਸ੍ਰੀ ਹਜ਼ੂਰ ਨੂੰ ਸਾਰੀ ਵਿਥਿਆ ਸੁਣਾ ਦਿਤੀ। ਇਸ ਵਾਸਤੇ ਕਿ ਬਾਬਾ ਜੀ ਤੋਂ ਬਿਨਾਂ ਇਨ੍ਹਾਂ ਨੂੰ ਹੋਰ ਕੋਈ ਐਸਾ ਸਮਰੱਥ ਨਹੀਂ ਦਿਸਿਆ ਸੀ ਜੋ ਇਨ੍ਹਾਂ ਦੇ ਬੇਕਸੂਰੇ ਹੋਣ ਬਾਬਤ ਮਹਾਰਾਜਾ ਰਣਜੀਤ ਸਿੰਘ ਨੂੰ ਯਕੀਨ ਕਰਾਕੇ ਬਰੀ ਕਰਵਾਏ। ਸ੍ਰੀ ਬਾਬਾ ਜੀ ਨੇ ਸਰਦਾਰ ਅਮੀਰ ਸਿੰਘ ਨੂੰ ਧੀਰਜ ਬੰਧਾਇਆ ਤੇ ਹਾਲਾਂ ਕੁਝ ਚਿਰ ਲਈ ਅਪਣੇ ਪਾਸ ਨਿਵਾਸ ਕਰਨ ਨੂੰ ਆਖਿਆ ਤਾਕਿ ਮਹਾਰਾਜਾ ਵਲੋਂ ਕੋਈ ਵਧੇਰੇ ਇਨ੍ਹਾਂ ਨੂੰ ਤਕਲੀਫ਼ ਨਾ ਦਿਤੀ ਜਾਏ।

ਸਰਦਾਰ ਅਮੀਰ ਸਿੰਘ ਸਹੀ ਅਰਥਾਂ ਵਿਚ ਸੰਤ ਸਿਪਾਹੀ ਸਨ। ਇਨ੍ਹਾਂ ਪਾਸੋਂ ਰਾਜ ਦਰਬਾਰ ਵਾਸ ਸਿਪਾਹੀ ਦੀ ਸੇਵਾ ਖੋਹੀ ਗਈ ਸੀ ਪਰ ਬਾਬਾ ਸਾਹਿਬ ਦੀ ਸੰਗਤ ਕਰਕੇ ਸੰਤ ਪੁਣਾ ਤੇ ਮਾਨਸਿਕ ਵੈਰਾਗ ਵਧੇਰੇ ਜਾ ਉਠਿਆ ਸੀ। ਆਪਨੇ ਬਾਬਾ ਸਾਹਿਬ ਸਿੰਘ ਜੀ ਦੇ ਲੰਗਰ ਵਿਚ ਹਜ਼ਾਰਾਂ ਸਿਖਾਂ ਨੂੰ ਨਿਤ ਦਾ ਪ੍ਰਸ਼ਾਦਾ ਛਕਾਂਦੇ ਸੇਵਾ ਕਰਦੇ ਵੇਖਿਆ ਸੀ। ਸਰਦਾਰ ਜੀ ਦਾ ਮਨ ਹੁਣ ਬਾਬਾ ਜੀ ਦੀ ਨਿਜੀ ਸੇਵਾ ਕਰਨ ਤੇ ਹੋ ਆਇਆ। ਇਕ ਹਲਕੀ ਜਿਹੀ ਚੱਕੀ ਖਰੀਦ ਲਿਆਂਦੀ ਅਤੇ ਰੋਜ਼ਾਨਾ ਅੰਮ੍ਰਿਤ ਵੇਲੇ ਇਸ਼ਨਾਨ ਮਗਰੋਂ ਗੁਰਬਾਣੀ ਦਾ ਪਾਠ ਕਰਦੇ ਹੁੰਦੇ, ਨਾਲ ਹੱਥੀਂ ਆਟਾ ਪੀਸ ਕੇ ਬਾਬਾ ਜੀ ਵਾਸਤੇ ਖੁਦ ਪ੍ਰਸ਼ਾਦਾ ਤਿਆਰ ਕਰ ਛਕਾਂਦੇ ਸਨ। ਐਸੀ ਸੇ ਕਈ ਮਹੀਨੇ ਕਰਦੇ ਰਹੇ ਜਿਸ ਤੇ ਮਨ ਨੀਵਾਂ ਤੇ ਮੱਤ ਉਚੀ ਦਾ ਪ੍ਰਤੱਖ ਨਮੂੰਨਾ ਬਣ ਗਏ ਸਨ। ਸ੍ਰੀ ਬਾਬਾ ਜੀ ਬਾ ਜੇ ਕਿਤੇ ਜਾਂਦੇ ਤਾਂ ਇਹ ਸਫ਼ਰੀ ਚੱਕੀ ਵੀ ਨਾਲ ਲਿਜਾਂਦੇ ਤੇ ਨਿਤ ਐਸੀ ਸੇਵਾ ਕਰਦੇ ਸਨ।

ਇਕ ਵੇਰ ਮਹਾਰਾਜਾ ਰਣਜੀਤ ਸਿਘ ਸ੍ਰੀ ਅੰਮ੍ਰਿਤਸਰ ਆਏ। ਇਨ੍ਹਾਂ ਨੇ ਕਈ ਰਾਜਸੀ ਵਿਚਾਰਾਂ ਕਾ ਬਾਬਾ ਸਾਹਿਬ ਸਿੰਘ ਜੀ ਨੂੰ ਬਿਨੈ ਪੱਤਰ ਭੇਜ ਕੇ ਸ੍ਰੀ ਅੰਮ੍ਰਿਤਸਰ ਬੁਲਾਇਆ ਤਾਂ ਸਰਦਾਰ ਅਮੀਰ ਸਿੰਘ ਵੀ ਨ ਗਏ ਸਨ। ਇਥੇ ਇਕ ਦਿਨ ਅੰਮ੍ਰਿਤ ਵੇਲੇ ਸਰਦਾਰ ਜੀ ਨੇ ਆਟਾ ਪੀਸਨਾ ਚਾਹਿਆ ਤਾਂ ਅਪਣੀ ਚੱਕੀ ਟੁੱਟੀ ਵੇਖੀ। ਹੁਣ ਅੰਮ੍ਰਿਤ ਵੇਲਾ ਸੀ। ਪ੍ਰਭਾਤੇ ਹੀ ਨੇੜੇ ਮਹੱਲੇ ਦੀ ਇਕ ਮਾਈ ਦਾ ਦਰਵਾਜ਼ਾ ਖੜਕਾਇਆ ਕਿ ਇਸ ਦੀ ਚੱਕੀ ਉਤੇ ਆਟਾ ਪੀਸਨ, ਅਤੇ ਸਵੇਰ ਹੁੰਦੇ ਤੀਕ ਬਾਬਾ ਜੀ ਦੇ ਛੱਕਣ ਵਾਸਤੇ ਪਹਿਲਾ ਨਾਸ਼ਤਾ ਤਿਆਰ ਕ ਪਰ ਪ੍ਰਭਾਤ ਵੇਲੇ ਖੜਾਕ ਸੁਣ ਕੇ ਓਸ ਮਾਈ ਨੇ ਡਾਂਟ ਪਾਕੇ ਆਖਿਆ—ਚੋਰਾਂ ਯਾਰਾਂ ਵਾਂਗੂ ਕੌਣ ਹੈਂ ਇਸ ਵੇਲੇ ਖੜਕਾਂਦਾ? ਐਸਾ ਸੁਣਦੇ ਹੀ ਸਰਦਾਰ ਜੀ ਦੇ ਮਨ ਉਤੇ ਕਰਾਰੀ ਸੱਟ ਵੱਜੀ। ਆਪ ਨੇ ਦਸਿਆ ਤੇ ਬੂਹਾ ਨਾਲ ਕੰਮ ਸਾਰ ਲਿਆ ਸੀ ਪਰ ਡੇਰੇ ਆਕੇ ਰੋਂਦੇ ਰਹੇ ਕਿ ਰਾਜ ਭਾਗ ਵੀ ਗਿਆ ਤੇ ਕਬੋਲ ਸਹਿਣੇ ਪਏ ਹਨ।

ਸਵੇਰ ਵੇਲੇ ਬਾਬਾ ਸਾਹਿਬ ਸਿਘ ਜੀ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਸੀ। ਆਪਨੇ ਸਰਦਾਰ ਅ ਸਿੰਘ ਨੂੰ ਬੁਲਾ ਕੇ ਸੰਗਤ ਸਾਹਮਣੇ ਇਨ੍ਹਾਂ ਦੀ ਪਹਿਲੀ ਪ੍ਰਤਿਭਾ ਵਡਿਆਈ ਤੇ ਹੁਣ ਦੀ ਨਿਰਮਾਨ ਸੇਵਾ ਦੀ ਸ਼ਲ ਕੀਤੀ। ਆਪ ਜੀ ਨੇ ਧੀਰਜ ਦੇਣ ਲਈ ਫ਼ੁਰਮਾਇਆ ਕਿ ਦੁਖ ਦੇ ਦਿਨ ਬੀਤ ਚੁਕੇ ਸਨ। ਹੁਣ ਛੇਤੀ ਫਿਰ ਭਾਗ ਵੀ ਪ੍ਰਾਪਤ ਹੋ ਜਾਏਗਾ। ਫ਼ਿਕਰ ਨ ਕਰੀਏ!

ਇਸੇ ਦਿਨ ਜਦੋਂ ਮਹਾਰਾਜਾ ਰਣਜੀਤ ਸਿੰਘ ਨਿਤ ਵਾਂਗੂ ਇਥੇ ਬਾਬਾ ਜੀ ਦੇ ਡੇਰੇ ਦਰਸ਼ਨ ਨੂੰ ਅ ਰਾਜਸੀ ਵਿਚਾਰ ਵਟਾਂਦਰਾ ਕਰਦੇ ਸਨ, ਤਾਂ ਬਾਬਾ ਜੀ ਨੇ ਇਸੇ ਵਿਚਾਰ ਦੇ ਵਿਚ ਹੀ ਸਰਦਾਰ ਅਮੀਰ ਸਿੰਘ (ਡੋਗਰੇ ਧਿਆਨ ਸਿੰਘ ਵਲੋਂ) ਚਲਾਈ ਗਈ ਚਾਲ ਦੀ ਅਸਲੀਅਤ ਨੂੰ ਖੋਹਲ ਦਸਿਆ, ਤੇ ਸਾਰੇ ਸ਼ੱਕ ਸ਼ੁਭੇ ਦੂਰ ਦਿਤੇ। ਜਿਸ ਤੇ ਮਹਾਰਾਜਾ ਸਾਹਿਬ ਵਲੋਂ ਸਰਦਾਰ ਜੀ ਦੇ ਖਿਲਾਫ਼ ਸਾਰੇ ਹੁਕਮ ਵਾਪਸ ਲੀਤੇ ਗਏ ਸਨ। ਉ ਸਾਰੀਆਂ ਜਾਗੀਰਾਂ ਤੇ ਖਤਾਬ ਦੁਬਾਰਾ ਦਿਵਾਏ, ਮਗਰੋਂ ਬਾਬਾ ਜੀ ਨੇ ਅਪਣੇ ਵਲੋਂ ਵੀ ਸਿਰੋਪਾਉ ਦੀ ਬਖਸ਼ਸ਼ ਕ ਘਰ ਨੂੰ ਤੋਰਿਆ ਸੀ।

"ਚੰਦਨ ਕੇ ਨਿਕਟੇ ਬਸੈ ਸੋ ਭੀ ਚੰਦਨ ਹੋਇ।"

ਸਰਦਾਰ ਅਮੀਰ ਸਿੰਘ ਜੀ ਨੇ ਬਾਬਾ ਸਾਹਿਬ ਸਿੰਘ ਜੀ ਦੀ ਜਿਸ ਨਿਰਮਾਨਤਾ ਨਾਲ ਸੇਵਾ ਕੀਤੀ ਸੀ ਪ੍

ਫਲ ਪਾ ਲਿਆ ਸੀ। ਇਹ ਦੁਨੀਆਂਦਾਰੀ ਦੀ ਪ੍ਰਭਤਾ ਸੀ ਪਰ ਇਸ ਦਰਬਾਰ ਦੀ ਸੇਵਾ ਕਰਦਿਆਂ ਹੋਇਆਂ ਜੋ ਨਾਮ ਬਾਣੀ ਤੇ ਸਤਿਸੰਗ ਦਾ ਰੰਗ ਮਾਣਿਆ ਸੀ ਉਸ ਵਿਚ ਮਨ ਵਧੇਰੇ ਰੰਗਿਆ ਗਿਆ। ਸੱਚ ਮੁਚ ਇਨ੍ਹਾਂ ਨੂੰ ਦੁਨਿਆਵੀ ਰੱਸ ਸੁਾਦ ਹੁਣ ਫ਼ਿਕਾ ਜਾਪਦਾ ਸੀ। ਇਨ੍ਹਾਂ ਨੇ ਘਰ ਜਾ ਕੇ ਸਾਰੀ ਜਾਇਦਾਦ (ਜਾਗੀਰਾਂ) ਆਦਿਕ ਅਪਣੇ ਸਪੁਤ੍ਰਾਂ ਨੂੰ ਵੰਡ ਦਿਤੀਆਂ ਤੇ ਥੋੜੇ ਸਮੇਂ ਪਿਛੋਂ ਫਿਰ ਬਾਬਾ ਸਾਹਿਬ ਸਿੰਘ ਦੀ ਸੇਵਾ ਵਿਚ ਊਨੇ ਜਾ ਕੇ ਰਹੇ ਸਨ। ਇਥੇ ਪੱਕਾ ਮਕਾਨ ਨ ਕਬੂਲਿਆ ਤੇ ਖੱਡ ਕਿਨਾਰੇ ਹੇਠਾਂ ਕੁਟੀਆ ਬਣਾਕੇ ਇਕਾਂਤ ਵਾਸੀ ਹੋ ਰਹੇ ਸੀ। ਨਾਮ ਸਿਮਰਨ, ਦੋਵੇਂ ਵੇਲੇ ਦਾ ਸਤਿਸੰਗ ਤੇ ਸੇਵਾ ਦਾ ਸੁਭਾਉ ਬਣ ਚੁਕਾ ਸੀ, ਐਸਾ ਜੀਵਨ ਬਿਤਾਣਾ ਚਾਹਿਆ।

ਸਰਦਾਰ ਅਮੀਰ ਸਿੰਘ ਜੀ ਦਾ ਪਹਿਲਾ ਜੀਵਨ ਸਿਖ ਸਿਪਾਹੀ ਰੂਪ ਦਾ ਪਾਠਕਾਂ ਪ੍ਰਥਾਇ ਪੇਸ਼ ਕੀਤਾ ਹੈ ਕਿ ਕਿਤਨੀ ਪ੍ਰਭਤਾ ਅਤੇ ਜਗੀਰਾਂ ਦੇ ਮਾਲਕ ਸਨ। ਆਪ ਇਕ ਪ੍ਰਸਿਧ ਇਤਹਾਸਕ ਵਿਅਕਤੀ ਸਨ। **'ਸਰ ਲਿਪਲ ਗ੍ਰਿਫਨ'** ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਦੁਬਾਰਾ ਜੋ ਜਾਗੀਰ ਵਾਪਸ ਕੀਤੀ ਸੀ ਉਹ ਲਿਖਤੀ ਤੌਰ ੬ ਲਖ ਰੁਪਏ ਆਮਦਨੀ ਦੀ ਸੀ ਪਰ ਮਾਲੀਤੀ ਤੌਰ ਤੇ ਉਹ ਦਸ ਲਖ ਤੋਂ ਵਧੇਰੇ ਸਾਲਾਨਾ ਦੀ ਮੰਨੀ ਜਾਂਦੀ ਸੀ। ਐਸੇ ਅਮੀਰ ਸਰਦਾਰ ਅਮੀਰ ਸਿੰਘ ਜੀ ਨੇ ਬਾਬਾ ਸਾਹਿਬ ਜੀ (ਨਿਰਲੇਪ ਵਿਅਕਤੀ) ਤੋਂ ਐਸੀ ਸੰਤ ਅਵਸਥਾ ਪ੍ਰਾਪਤ ਕੀਤੀ ਕਿ ਸਚ ਮੁਚ ਦੇ ਉਹ ਸਿਖ ਸਿਪਾਹੀ ਤੋਂ ਸੰਤ ਸਿਪਾਹੀ ਰੂਪ ਹੋ ਪ੍ਰਗਟਾਏ ਸਨ। ਕਬੀਰ ਜੀ ਦਾ ਵਾਕ ਇਨ੍ਹਾਂ ਪ੍ਰਥਾਏ ਠੀਕ ਫਬਿਆ ਦਿਸਦਾ ਹੈ—

"ਚੰਦਨ ਕੇ ਨਿਕਟੇ ਬਸੇ ਸੱ ਭੀ ਚੰਦਨ ਹੋਇ।"

ਉਕਤ ਸੰਧਾ ਵਾਲੀਏ ਸਰਦਾਰ ਅਮੀਰ ਸਿੰਘ ਜੀ (ਸੰਤ ਸਰੂਪ) ਦੇ ਵੰਸ਼ਕ—ਸਰਦਾਰ ਰਘੁਬੀਰ ਸਿੰਘ ਜੀ ਸੰਭਾਉਲੀ ਸ਼ੂਗਰ ਮਿਲ ਵਾਲੇ ਸਨ ਤੇ ਹੁਣ ਉਨ੍ਹਾਂ ਦੇ ਸਪੁਤਰ ਮੇਜਰ ਹਰਇੰਦਰ ਸਿੰਘ ਜੀ (ਸਾਬਕ ਮਨਿਸਟਰ ਪੰਜਾਬ) ਹੁਣ ਪਜਾਬ ਕਾਂਗਸ ਦੇ ਪ੍ਰਮੁਖ ਹਨ। ਉਹਨਾਂ ਦੇ ਮੇਲੀ ਤੇ ਨਿਕਟਵਰਤੀ ਸਾਰੇ ਜਾਣਦੇ ਹਨ ਕਿ ਸਿਖੀ ਦਾ ਪਿਆਰ ਇਨ੍ਹਾਂ ਤਾਈਂ ਵਿਰਸੇ ਵਿਚ ਮਿਲਿਆ ਹੋਇਆ ਹੈ। ਇਹ ਵਿਰਸਾ ਬਾਬਾ ਸਾਹਿਬ ਸਿੰਘ ਜੀ ਦੀ ਬਖਸ਼ਸ਼ ਅਤੇ ਇਨ੍ਹਾਂ ਦੇ ਬਜ਼ੁਰਗਾਂ ਦੀ ਨਿਰਮਾਨ ਸੇਵਾ ਦਾ ਫਲ ਹੈ। ਬਾਬਾ ਸਾਹਿਬ ਸਿੰਘ ਜੀ ਦੀ ਪਵਿਤ੍ਰ ਜੀਵਨੀ ਤੇ ਸੰਗਤ ਦਾ ਪ੍ਰਭਾਉ ਹੋਰ ਬੇਅੰਤ ਸਿਖਾਂ-ਰਈਸਾਂ ਤੇ ਰਜਵਾੜਿਆਂ ਉਤੇ ਪਿਆ ਸੀ। ਉਹ ਸਾਰੇ ਹਾਲ ਰਾਜਾ ਜੋਗੀ-ਪੁਸਤਕ ਵਿਚ ਦਰਸਾਏ ਹਨ। ਇਹ ਕੇਵਲ ਇਕ ਨਮੂਨੇ ਮਾਤਰ ਦਸਿਆ ਕਿ ਆਪ ਦੀ ਮਹਾਨ ਵਿਅਕਤੀ ਦਾ ਅਸਰ ਮਹਾਰਾਜਾ ਰਣਜੀਤ ਸਿੰਘ ਉਤੇ ਕੈਸਾ ਸੀ ? ਤੇ ਮਾਇਆਧਾਰੀ ਸਰਦਾਰਾਂ ਨੂੰ ਉਹ ਕਿਵੇਂ ਮਾਇਆ ਵਿਚ ਉਦਾਸ ਰਹਿਣਾ ਸਿਖਾਂਦੇ ਰਹੇ। ਸਿਖੀ ਦਾ ਸਭ ਤੋਂ ਵਡਾ ਤੇ ਸੱਚਾ ਸੁਚਾ ਆਦਰਸ਼ ਇਹੋ ਹੈ।

❖

## ਝਾੜ ਸਾਹਿਬ ਵਿਖੇ ਸ: ਤੀਰਥ ਸਿੰਘ ਦੇ ਗ੍ਰਹਿ ਅਖੰਡਪਾਠ

14 ਤੋਂ 17 ਫ਼ਰਵਰੀ ਤਕ ਸ: ਤੀਰਥ ਸਿੰਘ ਝਾੜਸਾਹਿਬ ਤਹਿਸੀਲ ਸਮਰਾਲਾ ਦੇ ਘਰ ਗੁਰਗੱਦੀ ਵਲੋਂ ਅਖੰਡਪਾਠ ਕੀਤਾ ਗਿਆ। ਸਾਰੇ ਦਿਨ ਸੁਬ੍ਹਾ ਸ਼ਾਮ ਦੀਵਾਨ ਸਜਦੇ ਰਹੇ ਜਿਸ ਵਿਚ ਕਾਕਾ ਦਲਜੀਤ ਸਿੰਘ ਅਤੇ ਭਾਈ ਮਖਣ ਸਿੰਘ ਦੇ ਰਾਗੀ ਜਥਿਆਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬਾਬਾ ਜੀ ਨੇ ਮਨੋਹਰ ਵਖਿਆਨ ਰਾਹੀਂ ਨਿਰੋਲ ਸਿੱਖੀ ਦਾ ਪਰਚਾਰ ਕਰਕੇ ਬਹੁਤ ਸਾਰੇ ਭੁਲੇਖੇ ਦੂਰ ਕੀਤੇ।

# ਰਾਜ ਰਿਸ਼ੀ

(ਵਲੋਂ: ਬਾਬਾ ਹਰਬੰਸ ਸਿੰਘ ਜੀ ਬੇਦੀ "ਉਦਾਸ" ਨਾਭ)'

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਸਿਖ ਪੰਥ ਦੀ ਜੋ ਅਗਵਾਈ ਤੇ ਸੰਭਾਲ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਕੀਤੀ ਹੈ, ਉਸ ਦਾ ਇਤਿਹਾਸ ਸੁਨਹਿਰੀ ਅਖਰਾਂ ਵਿਚ ਲਿਖੇ ਜਾਣ ਦੇ ਯੋਗ ਹੈ। ਉਸ ਵੇਲੇ ਸਾਰਾ ਪੰਥ ਬਹੁਤ ਸਾਰੀਆਂ ਔਕੜਾਂ ਵਿਚ ਫਸਿਆ ਹੋਇਆ ਸੀ। ਇਹ ਹਜ਼ੂਰ ਦੀ ਹੀ ਚੁੰਬਕੀ ਸ਼ਖਸੀਅਤ ਸੀ ਜਿਸ ਨੇ ਦਸਮ ਪਿਤਾ ਦੇ ਪੂਰਨਿਆਂ ਉੱਪਰ ਚਲ ਕੇ ਸਿੱਖ ਮਿਸਲਾਂ ਨੂੰ ਸੰਗਠਤ ਕੀਤਾ। ਆਪ ਦੀ ਕੇਵਲ ਇਕੋ ਹੀ ਇਛਾ ਹੁੰਦੀ ਸੀ ਕਿ ਜਿਵੇਂ ਭੀ ਹੋਵੇ ਪੰਥ ਵਿਚੋਂ ਫੁੱਟ ਦੂਰ ਕੀਤੀ ਜਾਵੇ ਤੇ "ਸਭੇ ਸਾਂਝੀਵਾਲ ਸਦਾਇਨ ਕੋਇ ਨ ਦਿਸੈ ਬਾਹਿਰਾ ਜੀਉ" ਦੇ ਵਾਕ ਅਨੁਸਾਰ ਸਿੱਖ ਰਾਜ ਸਦੀਵੀ ਪਰਫੁਲਤ ਰਹੇ। ਆਪ ਦੇ ਅਮੋਘ ਬਚਨਾਂ ਦੇ ਸਾਹਮਣੇ ਰਾਜੇ ਵੀ ਸਿਰ ਝੁਕਾ ਦਿੰਦੇ ਸਨ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਬਾਬਾ ਜੀ ਦੇ ਸਮੇਂ ਕਿਸੇ ਵੈਰੀ ਨੂੰ ਪੰਥ ਉਤੇ ਹੱਲਾ ਕਰਨ ਦਾ ਹੀਆ ਨਾ ਪਿਆ। ਗ਼ਰੀਬ ਤੇ ਗਊ ਦੀ ਰਖਿਆ ਲਈ ਜੇਕਰ ਆਪ ਨੂੰ ਯੁਧ ਭੀ ਕਰਨਾ ਪਿਆ ਤਾਂ ਸੰਕੋਚ ਨਾ ਕੀਤਾ। ਬਾਬਾ ਜੀ ਕਿਸੇ ਨਵਾਬ ਦੀ ਰਿਆਸਤ ਨੂੰ ਆਪਣੇ ਕਬਜ਼ੇ ਵਿਚ ਕਰਨਾ ਨਹੀਂ ਸੀ ਚਾਹੁੰਦੇ, ਸਗੋਂ ਉਹ ਇਹ ਚਾਹੁੰਦੇ ਸਨ ਕਿ ਮੁਸਲਮਾਨ ਨਵਾਬ ਭੀ ਹਿੰਦੂਆਂ ਉਤੇ ਜਬਰ ਨ ਕਰਨ ਤੇ ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਧਰਮ ਦੇ ਵਿਰੁਧ ਗਊ ਹਤਿਆ ਨਾ ਕਰਨ। ਪਹਿਲੇ ਤਾਂ ਬਾਬਾ ਜੀ ਸੁਲ੍ਹਾ ਦੇ ਢੰਗ ਨਾਲ ਸਿੱਧੇ ਰਾਹ ਪੈਣ ਲਈ ਪ੍ਰੇਰਨਾ ਕਰਦੇ ਪਰ ਜਦੋਂ ਇਨ੍ਹਾਂ ਦੇ ਬਚਨਾਂ ਦਾ ਅਰਥ ਦੂਜੇ ਪਾਸੇ ਕਮਜ਼ੋਰੀ ਸਮਝਿਆ ਜਾਂਦਾ ਤਾਂ ਚੜ੍ਹਾਈ ਕਰਨ ਤੋਂ ਬਿਨਾਂ ਆਪ ਲਈ ਕੋਈ ਚਾਰਾ ਹੀ ਨ ਰਹਿੰਦਾ। ਇਸੇ ਮਨੋਰਥ ਲਈ ਆਪ ਨੇ ਮਲੇਰਕੋਟਲਾ ਦੇ ਨਵਾਬ ਅਤਾਉਲਾ ਖਾਨ ਨੂੰ ਹਾਰ ਦੇ ਕੇ ਉਸ ਦਾ ਰਾਜ ਪਾਟ ਸੰਭਾਲ ਲਿਆ। ਪਰ ਜਦੋਂ ਅਤਾਉਲਾ ਖਾਂ ਦੀ ਬੇਗ਼ਮ ਤੇ ਉਸ ਦੇ ਮਾਸੂਮ ਪੁਤਰ ਰਹਿਮਤਅਲੀ ਖਾਨ ਨੇ ਬੇਨਤੀ ਕੀਤੀ ਕਿ ਮਹਾਰਾਜ ਅਸੀਂ ਨਿਥਾਵੇਂ ਹੋ ਗਏ ਹਾਂ; ਦੋਸ਼ੀ ਨੂੰ ਸਜ਼ਾ ਮਿਲ ਚੁੱਕੀ ਹੈ ਪਰ ਅਸੀਂ ਨਿਰਦੋਸ਼ ਕਿਧਰ ਜਾਈਏ ਤੇ ਕਿਵੇਂ ਗੁਜ਼ਾਰਾ ਕਰੀਏ। ਇਸ ਪਰ ਦਿਆ ਦੇ ਭੰਡਾਰ ਬਾਬਾ ਜੀ ਨੇ ਉਨ੍ਹਾਂ ਦੀ ਰਿਆਸਤ ਵਾਪਸ ਕਰ ਦਿਤੀ ਤੇ ਇਹ ਵੀ ਕਿਹਾ ਕਿ ਅਗੋਂ ਲਈ ਗ਼ਰੀਬ ਗੁਰਬਿਆਂ ਉਤੇ ਅਤਿਆਚਾਰ ਨਾ ਕਰਨ।

ਬਾਬਾ ਜੀ ਜਿੱਥੇ ਵੀ ਜਾਂਦੇ ਬੇਸ਼ੁਮਾਰ ਸਿਖ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਦੀਵਾਨ ਸਜਾਉਂਦੇ, ਕੀਰਤਨ ਹੁੰਦੇ ਤੇ ਹਜ਼ੂਰ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੀ ਕਥਾ ਸੁਣਾਕੇ ਸੰਗਤਾਂ ਨੂੰ ਨਿਹਾਲ ਕਰਦੇ ਤੇ ਖੰਡੇ ਦਾ ਅੰਮ੍ਰਿਤ ਪਾਨ ਕਰਾਕੇ ਹਜ਼ਾਰਾਂ ਦੀ ਗਿਣਤੀ ਵਿਚ ਗੁਰੂ ਘਰ ਦੇ ਸ਼ਰਧਾਲੂ ਬਣਾਂਦੇ। ਆਪ ਕਮਾਲ ਦੇ ਸੂਰਬੀਰ ਪਰਤਾਪੀ, ਭਜਨੀਕ, ਸ਼ਾਹ ਸਵਾਰ, ਤੀਰ ਅੰਦਾਜ਼, ਗੁਰਬਾਣੀ ਦੇ ਨਿੱਤ ਨੇਮੀ, ਗੁਰੂ ਨਾਨਕ ਦੇਵ ਜੀ ਦੀ ਗਿਆਰਵੀਂ ਪਵਿਤ੍ਰ ਕੁਲ ਵਿਚੋਂ ਸਿੱਖ ਜਗਤ ਦੇ ਰੋਸ਼ਨ ਮੁਨਾਰੇ ਸਨ।

ਆਪ ਦੇ ਦਰਬਾਰ ਸ੍ਰੀ ਊਨਾ ਸਾਹਿਬ ਵਿਚ ਸਦਾ ਲੰਗਰ ਜਾਰੀ ਰਹਿੰਦਾ ਅਤੇ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਆਪੋ ਆਪਣੀਆਂ ਸ਼ਰਧਾਂਜਲੀਆਂ ਪੇਸ਼ ਕਰਕੇ ਜੀਵਨ ਸਫਲਾ ਕਰਦੀਆਂ। ਹੋਲੇ ਮਹੱਲੇ ਦੇ ਇਕ ਸਮੇਂ ਆਪ ਨੇ ਹੁਕਮ ਕੀਤਾ ਕਿ ਲੰਗਰ ਵਿਚ ਲੂਣ ਦਾ ਹਿਸਾਬ ਰਖਿਆ ਜਾਵੇ। ਜਦੋਂ ਹਿਸਾਬ ਕੀਤਾ ਗਿਆ ਤਾਂ ਕਈ ਮਣ ਕੇਵਲ ਲੂਣ ਹੀ ਖਰਚ ਹੋਇਆ। ਇਸ ਤੋਂ ਆਟਾ ਤੇ ਘਿਉ ਆਦਿ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਆਪ ਤ੍ਰੈਕਾਲ ਦਰਸ਼ੀ ਸਨ। ਇਸੇ ਲਈ ਇਕ ਸਮੇਂ ਆਪ ਨੇ ਇਕ ਸ਼ੇਰ ਦਾ ਬੱਚਾ ਲੈ ਕੇ ਪਿੰਜਰੇ ਵਿਚ ਬੰਦ ਹਾਲਤ ਵਿਚ ਅਜੇਹੀ ਥਾਈਂ ਰਖਵਾ ਦਿਤਾ, ਜਿਥੇ ਉਹ ਸੰਗਤਾਂ ਦੇ ਦਰਸ਼ਨ ਕੀਤਾ ਕਰੇ। ਪ੍ਰੇਮੀਆਂ ਦੇ ਪੁਛਣ ਤੇ ਬਾਬਾ ਜੀ ਨੇ ਕਿਹਾ ਕਿ ਇਹ ਇਕ ਸਿੱਖ ਸੀ ਪਰ ਅੰਤ ਸਮੇਂ ਮਾਸ ਖਾਣ ਦੀ ਇਛਿਆ ਦੀ ਵਾਸ਼ਨਾ ਨੇ ਸ਼ੇਰ ਦੀ ਜੂਨੀ ਪਾ ਦਿਤਾ ਸੀ। ਹੁਣ ਇਸ ਦਾ ਉਧਾਰ ਹੋਵੇਗਾ। ਇਸੀ ਤਰ੍ਹਾਂ ਇਕ ਸਮੇਂ ਆਪ ਨੇ ਦੋ ਬਾਂਦਰ ਖ਼ਰੀਦ ਲਏ। ਜਦੋਂ

ਪ੍ਰੇਮੀਆਂ ਨੇ ਪੁਛਿਆ ਤਾਂ ਉੱਤਰ ਦਿਤਾ ਕਿ ਅਸੀਂ ਜਦੋਂ ਕਿਸੇ ਸਮੇਂ ਪਹਾੜ ਵਿਚ ਤਪੱਸਿਆ ਕਰਦੇ ਸਾਂ ਤਾਂ ਇਹ ਦੋ ਪਹਾੜੀਏ ਸਨ ਜੋ ਸਾਡੀ ਸੇਵਾ ਕਰਦੇ ਰਹੇ ਸਨ ਤੇ ਹੁਣ ਇਨ੍ਹਾਂ ਨੂੰ ਉਸ ਸੇਵਾ ਦਾ ਫਲ ਮਿਲੇਗਾ। ਪਰਸ਼ਾਦ ਛਕਣ ਮਗਰੋਂ ਬਾਬਾ ਜੀ ਨੇ ਆਪਣੇ ਥਾਲ ਵਿਚੋਂ ਉਨ੍ਹਾਂ ਨੂੰ ਵੀ ਛਕਣ ਲਈ ਪ੍ਰਸ਼ਾਦਾ ਦਿਤਾ ਤਾਂ ਉਹ ਸੰਗਤ ਦੇ ਸਾਹਮਣੇ ਹੀ ਪ੍ਰਸ਼ਾਦਾ ਛਕਣ ਮਗਰੋਂ ਸਦੀਵੀ ਕਾਲ ਲਈ ਸੌਂ ਗਏ ਤੇ ਮੋਕਸ਼ ਪਦਵੀ ਪ੍ਰਾਪਤ ਕੀਤੀ।

ਬੇਦੀ ਸਾਹਿਬਜ਼ਾਦਿਆਂ ਵਿਚੋਂ ਹਜ਼ੂਰ ਦੇ ਪਿਤਾ ਬਾਬਾ ਅਜੀਤ ਸਿੰਘ ਜੀ ਪਹਿਲੇ ਬੇਦੀ ਸਾਹਿਬਜ਼ਾਦੇ ਸਨ ਜਿਨ੍ਹਾਂ ਨੇ ਸ੍ਰੀ ਕਲਗੀਧਰ ਤੋਂ ਅਨੰਦਪੁਰ ਸਾਹਿਬ ਵਿਖੇ ਖੰਡੇ ਦਾ ਅੰਮ੍ਰਿਤ ਛਕਿਆ ਅਤੇ ਹਜ਼ੂਰ ਦੇ ਗੱਦੀ ਨਸ਼ੀਨਾਂ ਬਿਆਂ ਨੇ ਹੁਣ ਤਕ ਇਸ ਮਰਯਾਦਾ ਨੂੰ ਕਾਇਮ ਰੱਖ ਕੇ ਜੋ ਪੰਥ ਦੀ ਸੇਵਾ ਕੀਤੀ ਹੈ ਤੇ ਹੋ ਰਹੀ ਹੈ ਉਸ ਨੂੰ ਕਿਸੇ ਹਾਲਤ ਵਿਚ ਭੁਲਾਇਆ ਨਹੀਂ ਜਾ ਸਕਦਾ। ਇਹੋ ਕਾਰਨ ਹੈ ਕਿ ਵਰਤਮਾਨ ਗੱਦੀ-ਨਸ਼ੀਨ ਬਾਬਾ ਮੱਧੁਸੂਦਨ ਸਿੰਘ ਜੀ ਬੇਦੀ ਹਰ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਈ ਅਖੰਡ ਪਾਠਾਂ ਦਾ ਭੋਗ ਪਵਾ ਕੇ ਕਲਗੀਧਰ ਤੇ ਸਿੱਖ ਪੰਥ ਦੇ ਸ਼ੁਭਤਕਾਰੀ ਬਣ ਕੇ ਆਤਮਕ ਪ੍ਰਸੰਸਾ ਪ੍ਰਾਪਤ ਕਰ ਰਹੇ ਹਨ। ਪਿਛਲੇ ਸਾਲ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਸਮੇਂ ਬਾਬਾ ਜੀ ਨੇ ਊਨੇ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ 501 ਅਖੰਡ ਪਾਠਾਂ ਦੀ ਸਮਾਪਤੀ ਕਰਵਾਈ ਹੈ ਤੇ ਕਈ ਵਾਰੀ ਸੰਗਤਾਂ ਸਮੇਤ ਗੁਰੂ ਘਰ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਹੋਏ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕੀਤੀ।

ਥੋੜਾ ਸਮਾਂ ਹੋਇਆ ਸ੍ਰੀ ਹਜ਼ੂਰ ਸਾਹਿਬ ਜੀ ਦੀ ਯਾਤਰਾ ਜਾਣ ਸਮੇਂ ਸ੍ਰੀ ਹਜ਼ੂਰ ਬਾਬਾ ਮੱਧੁਸੂਦਨ ਸਿੰਘ ਜੀ ਬੇਦੀ ਨੇ ਨਾਭਾ ਗੁਰਦੁਆਰਾ ਦਮਦਮਾ ਬਾਬਾ ਸਾਹਿਬ ਸਿੰਘ ਬੇਦੀ ਵਿਖੇ ਦਰਸ਼ਨ ਦਿਤੇ। ਬਾਬਾ ਜੀ ਦਾ ਪਰਵਾਰ ਤੇ ਸੰਗਤਾਂ ਯਾਤਰਾ ਲਈ ਬੱਸਾਂ ਵਿਚ ਸਵਾਰ ਹੋ ਕੇ ਆਈਆਂ। ਨਾਭੇ ਦੀਆਂ ਸੰਗਤਾਂ ਨੇ ਪਿਆਰ ਤੇ ਸਤਿਕਾਰ ਦਾ ਸਬੂਤ ਦਿਤਾ। ਉਹ ਦ੍ਰਿਸ਼ ਵੇਖਣ ਯੋਗ ਸੀ। ਬਾਬਾ ਜੀ ਹਰ ਸਾਲ ਇਸ ਗੁਰਦੁਆਰੇ ਵਿਖੇ ਸਾਲਾਨਾ ਧਾਰਮਕ ਸਮਾਗਮ ਵਿਚ ਪ੍ਰਸਿੱਧ ਰਾਗੀਆਂ, ਪ੍ਰਚਾਰਕਾਂ ਤੇ ਚੋਟੀ ਦੇ ਕਵੀਆਂ ਸਮੇਤ ਦਰਸ਼ਨ ਦਿਆ ਕਰਦੇ ਹਨ। ਸਾਨੂੰ ਬਾਬਾ ਜੀ ਉਤੇ ਬਹੁਤ ਹੀ ਮਾਣ ਹੈ ਜੋ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਜੋੜ ਰਹੇ ਹਨ ਤੇ ਅਪਣੇ ਫ਼ਰਜ਼ਾਂ ਨੂੰ ਨਿਭਾ ਕੇ ਕਲਗੀਧਰ ਦੀ ਗੋਦ ਵਿਚ ਬਿਰਾਜ ਕੇ ਲੋਰੀਆਂ ਲੈ ਰਹੇ ਹਨ। ਸਤਿਗੁਰੂ ਇਨ੍ਹਾਂ ਦੀ ਆਯੂ ਤੇ ਇਕਬਾਲ ਵਿਚ ਹੋਰ ਵੀ ਵਾਧਾ ਕਰੇ ਤਾਂ ਜੋ ਇਹ ਵੀ ਆਪਣੇ ਵੱਡ-ਵਡੇਰਿਆਂ ਵਾਂਗੂੰ ਉਨ੍ਹਾਂ ਦੇ ਪੂਰਨਿਆਂ ਤੇ ਚੱਲ ਕੇ ਨਿਰੰਕਾਰੀ ਜੋਤ ਦਾ ਜੱਗ ਵਿਚ ਪ੍ਰਕਾਸ਼ ਕਰਦੇ ਰਹਿਣ।

ਹਜ਼ੂਰ ਦਾ ਡੇਰਾ ਬਾਬਾ ਨਾਨਕ ਵਿਖੇ ਸੰਨ 1756 ਈਸਵੀ ਵਿਚ ਪ੍ਰਕਾਸ਼ ਹੋਇਆ। ਬਾਬਾ ਸਾਹਿਬ ਜੀ ਨੇ 78 ਸਾਲ ਦੀ ਆਯੂ ਵਿਚ ਜੋ ਜੋ ਕੰਮ ਕੀਤੇ ਹਨ ਉਨ੍ਹਾਂ ਦਾ ਜ਼ਿਕਰ ਗੁਰਬਿਲਾਸ ਤੇ ਹੋਰ ਕਈ ਗ੍ਰੰਥਾਂ ਵਿਚ ਆਉਂਦਾ ਹੈ ਪਰ ਸਿੱਖ ਜਗਤ ਗਿਆਨੀ ਈਸ਼ਰ ਸਿੰਘ ਜੀ ਨਾਰਾ ਦਿੱਲੀ ਵਾਲਿਆਂ ਦਾ ਸਦਾ ਹੀ ਅਹਿਸਾਨ-ਮੰਦ ਰਹੇਗਾ ਜਿਨ੍ਹਾਂ ਨੇ ਬਹੁਤ ਹੀ ਘਾਲਣਾ ਘਾਲ ਕੇ ਤੇ ਬਹੁਤ ਰਕਮ ਖ਼ਰਚ ਕਰਕੇ ਇਸ ਬਿਰਧ ਅਵਸਥਾ ਵਿਚ ਕੀਮਤੀ ਸਮਾਂ ਕੱਢ ਕੇ ਬ੍ਰਹਮ ਰਿਸ਼ੀ ਬਾਬਾ ਜੀ ਦਾ ਜੀਵਨ ਵਿਸਥਾਰ ਨਾਲ ਲਿਖਿਆ ਹੈ। ਜਿਨ੍ਹਾਂ ਪ੍ਰੇਮੀਆਂ ਨੂੰ ਬਾਬਾ ਜੀ ਦੇ ਬਾਰੇ ਕੁਝ ਵੀ ਪਤਾ ਨਹੀਂ ਸੀ ਉਹ ਵੀ ਉਨ੍ਹਾਂ ਦੇ ਇਤਿਹਾਸ ਨੂੰ ਪੜ੍ਹ ਕੇ ਬਹੁਤ ਹੀ ਪ੍ਰਸੰਨ ਹੁੰਦੇ ਹਨ ਤੇ ਆਖਦੇ ਹਨ ਕਿ ਧੰਨ ਕਲਗੀਧਰ, ਧੰਨ ਬਾਬਾ ਸਾਹਿਬ ਸਿੰਘ, ਧੰਨ ਪੰਥ ਹੈ। ਇਨ੍ਹਾਂ ਸ਼ਬਦਾਂ ਦੇ ਨਾਲ ਰਾਜਰਿਸ਼ੀ ਬਾਬਾ ਜੀ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹੋਇਆ ਮੰਗ ਮੰਗਦਾ ਹਾਂ ਕਿ ਬਾਬਾ ਜੀ ਆਪਣੀ ਮਿਹਰ ਦੁਆਰਾ ਦਾਸ ਕੀਟ ਉਤੇ ਭੀ ਇਕ ਬਖਸ਼ਸ਼ ਦੀ ਨਜ਼ਰ ਕਰ ਦੇਣ ਤਾਂ ਜੋ ਦਾਸ ਵੀ ਕਲਗੀਧਰ ਦੇ ਚਰਨਾਂ ਵਿਚ ਲੀਨ ਹੋ ਜਾਏ ਤੇ ਜੀਵਨ ਸਫਲ ਹੋ ਜਾਵੇ।

# ਫਿਰ ਕੋਈ ਮਰਦਾਨਾ ਆਏ



ਸੁਰਜੀਤ ਸਿੰਘ
'ਮਰਜਾਰਾ'

ਫਿਰ ਕੋਈ ਮਰਦਾਨਾ ਆਏ,
ਸੜਦੇ ਬਲਦੇ, ਇਸ ਜੱਗ ਤਾਈਂ,
ਨਾਨਕ ਦਾ ਸੰਦੇਸ਼ ਸੁਣਾਏ ।

ਟੋਟੇ ਟੋਟੇ ਧਰਤੀ ਮਾਤਾ,
ਇਹ ਭਾਵੀ ਕਹੀ ਵਰਤੀ ।
ਹੁਣ ਤੀਕਰ ਨਾ ਤਕ ਸਕੇ ਹਾਂ,
ਨਨਕਾਣੇ ਦੀ ਧਰਤੀ ।
ਮੈਂ ਨਹੀਂ ਬੰਧਨਾਂ ਦੇ ਵਿਚ ਜਾਣਾ,
ਮਨ ਮੇਰਾ ਕੁਰਲਾਏ ।

ਕੂੜ ਅਮਾਵਸ ਪਸਰ ਰਹੀ ਏ,
ਘੁਪ ਹਨੇਰੇ ਹੋਏ ।
ਪਤਾ ਨ ਲਗਦਾ ਕਿਸ ਪਾਸੇ ਹਨ,
ਚਾਨਣ ਮੂੰਹ ਲੁਕੋਏ ?
ਸੱਚ ਚੰਦਰਮਾ ਦਿਸੇ ਨਾ ਚੜ੍ਹਿਆ
ਮਸਿਆ ਫਲ ਫਲ ਜਾਏ ।

ਪਿਆਸੇ ਪਿਆਸੇ ਹੋਂਠ ਜਗਤ ਦੇ
ਪਾਉਂਦੇ ਹਾਲ ਦੁਹਾਈ ।
ਮਿੰਨਤ, ਤਰਲਾ, ਇਕ ਜੋਦੜੀ,
ਜੇਕਰ ਸੁਣ ਲਏ ਮਾਹੀ ।
ਕਿਹੜਾ ਏ ਜੋ ਉਸ ਦੇ ਬਾਝੋਂ ?
ਜਗ ਦੀ ਪਿਆਸ ਬੁਝਾਏ ।

ਨਾਨਕ ਦਾ ਸੰਦੇਸ਼ ਸੁਣਾਏ ।
ਫਿਰ ਕੋਈ ਮਰਦਾਨਾ ਆਏ ।

# ਸ੍ਰੀ ਗੁਰੂ ਬਾਬਾ ਸਾਹਿਬ ਸਿੰਘ ਜੀ ਦੇ ਪਰਉਪਕਾਰ

(ਭਾਈ ਨੰਦ ਲਾਲ ਰਾਗੀ)

ਸ੍ਰੀ ਗੁਰੂ ਬਾਬਾ ਨੇ ਸਾਹਿਬ ਸਿੰਘ, ਕੀਤਾ ਖੇਲ ਨਿਆਰਾ ।
ਤਾਹੀਓਂ ਸਾਨੂੰ ਲਗਦਾ ਡਾਢਾ, ਊਨਾ ਸਾਹਿਬ ਪਿਆਰਾ ।
ਜਨਮ ਲਿਆ ਡੇਰਾ ਬਾਬਾ ਨਾਨਕ ਘਰ ੨ ਖੁਸ਼ੀਆਂ ਹੋਈਆਂ ।
ਦੇਵਤੇ ਵੀ ਅਜ ਫੁਲ ਬਰਸਾਵਨ, ਪਰੀਆਂ ਭੀ ਅਜ ਮੋਹੀਆਂ ।
ਕਲਗੀਧਰ ਦੇ ਵਰ ਦਾ ਆ ਕੇ ਹੋਇਆ ਅਜ ਲਿਸ਼ਕਾਰਾ ।
ਤਾਹੀਓਂ ਸਾਨੂੰ.........

ਮਾਲਵੇ ਦੀ ਇਕ ਮਾਤਾ ਆਈ, ਖਿਚ ਅੰਦਰ ਸੀ ਭਾਰੀ ।
ਕਪੜੇ ਉਸ ਦੇ ਮੈਲੇ ਹੈਸਨ, ਅੰਦਰ ਪ੍ਰੀਤ ਨਿਆਰੀ ।
ਦਰਸ਼ਨ ਕਰਕੇ ਸ਼ਾਹੀ ਠਾਠ ਦਾ, ਵਿਗਸ ਗਿਆ ਦਿਲ ਸਾਰਾ ।
ਤਾਹੀਓਂ ਸਾਨੂੰ.........

ਜਾਣੀਜਾਣ ਨੇ ਜਾਣ ਕੇ ਅਗੋਂ, ਸਿਖ ਨੂੰ ਇਹ ਸਮਝਾਇਆ ।
ਮਾਈ ਨੂੰ ਲੈ ਅੰਦਰ ਆਵੋ, ਮੁਖ ਚੋਂ ਇਹ ਫੁਰਮਾਇਆ ।
ਕੀਤੇ ਜੋਂ ਕਬੂਲ ਮਾਈ ਦੇ, ਦਸਿਆ ਪ੍ਰੇਮ ਨਜ਼ਾਰਾ ।
ਤਾਹੀਓਂ ਸਾਨੂੰ.........

ਇਕ ਸਿਖ ਨੇ ਸ਼ੇਰ ਦਾ ਬੱਚਾ, ਲਿਆ ਕੇ ਅਰਜ਼ ਗੁਜ਼ਾਰੀ ।
ਬਾਬਾ ਜੀ ਨੇ ਅਗੋਂ ਸੁਣਾਇਆ, ਤੂੰ ਹੈਂ ਪਰਉਪਕਾਰੀ ।
ਵਿਛੜਿਆ ਹੋਇਆ ਸਿਖ ਮਿਲਾ ਕੇ, ਕੀਤਾ ਉਦਮ ਤੂੰ ਭਾਰਾ ।
ਤਾਹੀਓਂ ਸਾਨੂੰ.........

ਅੰਤ ਸਮੇਂ ਵਿਚ ਮਾਸ ਵੇਖਕੇ, ਦਿਲ ਇਸ ਦਾ ਲਲਚਾਇਆ ।
ਤਾਹੀਓਂ ਇਸ ਨੂੰ ਸ਼ੇਰ ਦੀ ਜੂਨੀ ਦੇ ਵਿਚ ਰਬ ਨੇ ਪਾਇਆ ।
ਦਰਸ਼ਨ ਕਰ ਕੇ ਸੰਗਤਾਂ ਦਾ, ਹੁਣ ਹੋਵੇਗਾ ਨਿਸਤਾਰਾ ।
ਤਾਹੀਓਂ ਸਾਨੂੰ.........

ਪਿਛਲੇ ਜਨਮ ਵਿਚ ਅਸੀ ਸਾਂ, ਵਿਚ ਪਹਾੜਾਂ ਰਹਿੰਦੇ ।
ਇਹ ਦੋਵੇਂ ਜਨ ਸੇਵਾ ਕਰਦੇ, ਆਣ ਕੇ ਕੋਲੇ ਬਹਿੰਦੇ ।
ਉਸ ਸੇਵਾ ਦਾ ਸਦਕਾ ਇਨ੍ਹਾਂ ਦਾ, ਹੋਵੇਗਾ ਛੁਟਕਾਰਾ ।
ਤਾਹੀਓਂ ਸਾਨੂੰ.........

ਨਾਨਕ-ਪੰਥੀ ਸੰਤਾਂ ਦੀ ਇਕ, ਮੰਡਲੀ ਠਰਦੀ ਠਰਦੀ ।
ਥਾਂ ਮਿਲੀ ਨਾ ਰਾਤ ਨੂੰ ਕੋਈ, ਸੂਝ ਪਈ ਇਸ ਘਰ ਦੀ ।
ਲੈ ਕੁਹਾੜਾ ਬਾਰ ਚੀਰ ਕੇ, ਦੁਖੜਾ ਹਰ ਲਿਆ ਸਾਰਾ ।
ਤਾਹੀਓਂ ਸਾਨੂੰ.........

ਹੋਲੇ ਦਾ ਜਦ ਮੇਲਾ ਆਇਆ, ਭੀੜ ਲਗੀ ਸੀ ਭਾਰੀ ।
ਇਸ ਵਾਸਤੇ ਲੰਗਰ ਹੈ ਸਨ, ਡੇਰਿਆਂ ਉਤੇ ਜਾਰੀ ।
ਪੈਂਤੀ ਮਣ ਹੈ ਖ਼ਰਚਾ ਆਇਆ, ਲੂਣ ਦਾ, ਕਵੀ ਉਚਾਰਾ ।
ਤਾਹੀਓਂ ਸਾਨੂੰ.........

ਇਹ ਕਿੱਡਾ ਹੈ ਲੰਮਾ ਕੌਤਕ, ਕਿਵੇਂ ਮੈਂ ਆਖ ਸੁਣਾਵਾਂ ।
ਰਚਨਾ ਹੈ ਬੇਅੰਤ ਆਪ ਦੀ, ਚਰਨੀਂ ਸੀਸ ਨਿਵਾਵਾਂ ।
ਜਥਾ ਆਇਆ ਸ਼ਰਨ ਆਪ ਦੀ, ਬਖ਼ਸ਼ੀਂ ਬਖਸ਼ਣਹਾਰਾ ।
ਤਾਹੀਓਂ ਸਾਨੂੰ.........

# Part Played by Different Members of Guru Nanak in History of the Country

*Hazur Baba Madhsudan Singh Ji "Bedi" Gaddi Nashin Una Sahib*

Eldest son Shri Jagat Guru Baba Siri Chand Ji was founder of Udasyan Sect, who made different centers of Guru Nanak's teachings through out India, Iran, Afghanistan, Burma, Cylone etc. with Head quarters at Hardwar.

Youngest of two Baba Lakhmi Dass, as history says and legand goes, with his wife and son Dharam Chand bodily left for heavenly abode, in the presence of his elder brother Siri Chand. It was Baba Siri Chand who extended his arm and brought back his son Baba Dharam Chand; trained him spiritually, mentally, to keep up the lenial decent of his father Guru Nanak, married him himself thereafter, who resided at Dehra Baba Nanak. He died leaving his sons Mehar Chand and Manak Chand. Whereas, the Ten Gurus dedicated their lives in teaching of Guru Nanak's mission, and bringing up masses morally and spiritually, till the tenth Guru Gobind Singh Ji, who created the Khalsa; similarly after Manak Chand to Baba Kala Dhari did the same. Reference from District Gazette of Hoshiarpur is worth mentioning which reads:- Bedi Kala Dhari, a decendant of Baba Nanak, crossed over from Dera Baba Nanak, Gurdaspur, early in the last century, and after wandering about the Jullundur Doab for some years, finally settled down at Una, Hoshiarpur, where he attracted a crowd of followers, who flocked to hear his eloquent desquisitions on the Granth Sahib, a book as difficult of understanding then as in the present day. The Jaswal Raja Ram Singh made himself popular by granting the Bedi the revenue of seventy Ghumaons of land. Kala Dhari's sons scattered after his death in 1738.

Mr. Roe writes about this family :-

"Kala Dhari (the great grand father of the present Bedi), having many disciples at Una, migrated there from Dera Baba Nanak, and received a grant of 72 Ghumaons from the Jaswal Raj Ram Singh. In Sambat 1860 or 1804 A.D., Raja Umed Singh gave to Sahib Singh the whole of the Una tehsil, a grant confirmed by Ranjit Singh in Sambat 1872; about the same time he received the Nurpur Taluka from Sardar Budh Sihgh. He died in Sambat 1891 (A.D. 1834), and was succeeded by Bikrama Singh to whom Maharaja Sher Singh gave the Talhatti in Sambat 1898."

Vakeel of Ahllowalla Chief, reported that Roop Lal, hearingh of apprehensin of his brother Beli Ram, had be taken himself to Bijwara Fort, and Chaudhry Mohd Bux and Col. Ameer Singh Mann had laid siege of the place. The following day Roop Lal was prevailed upon to surrender and was put in chains by the chaudhry and th

Colonel. They were ordered to bring the prisoner to Darbar. Jamadar Khushal Singh reported that family of Roop Lal, having absconded with some treasure and othe property had sought refuge with Baba Bikrama Singh in "Una Sahib" (The town o Una in Hoshiarpur).

**Una:-** Una, situated in the Jaswan Dun, 25 miles from Hoshiarpur is th headquarters of a tehsil and of a Police sub division. The population of the town i 1881 was 4, 389, being an increase of only 10 on that of 1868. It owes its chief impor tance to being the residence of a branch of the Bedi family (see "Leading Families" pa 75) and was founded by Baba Kala Dhari, the ancestor of the present Bedi, and furth enlarged by Bedi Sahib Singh.

Kala Dhari having migrated to Una in the time of Guru Gobind Singh Ji wh held him in great esteem where as Laj Dhari settled in Banga district Jullundur.

Baba Kala Dhari's sons wandered around teaching Guru Nanak's teachings, all Baba Ajit Singh had the importance being father of Shri Hazur Baba Sahib Sin Bedi. He went out for pilgrimage and died in 1773 at Calcutta where his Samad still exist.

Baba Ajit Singh had three sons of which Shri Hazur Baba Sahib Singh was very great importance to the Nation, and the Sikhs of Gurunanak, as a communit because Guru Gobind Singh created the Khalsa, it was Baba Sahib Singh who w responsible to give the Khalsa a kingdom as Punjab by emancipation of his mother-la from Mughals, and placing his disciple Maharaja Ranjit Singh on the throne at Laho on 13.4.1801. He was born at Dera Baba Nanak and having had the spiritual teachin at various places took "Amrit" at "Akal Takhat Shri Anand Pur Sahib" where he w baptised as Khalsa. It was he who preached on to Guru Nanak, his position as s of Guru Nanak made him the noblest; every body listened to him with respect a considered his command as that of Guru Nanak, considering it his duty to follow t same. He brought round 14 misals as such, on one path and created Sikh Raaj. I did not commit the folly of placing himself on the throne as Maharaja, but as a tr son and sevak of Guru Nanak followed his teachings, if Guru Nanak ignored his so and placed his sevak on Gaddi, he ignored himself and family members and placed h disciple and sevak Maharaja Ranjit Singh on throne and brought round every sik noble or the poor under the Maharaja. This fact alone gave strength to Khalsa to tu out the Mughals from their mother-land in other words mother-land was emancipate from foreign yoke of Mughals and a Nationalist Raj created. He took to himse defence of Punjab, with the result, he kept his forces in forts on the borders of Punja along the river Sutlej i.e. top most being Fort Una (Now distriet Kangra). Fort Nurpu Bedian (Distt. Hoshiarpur) Fort Gunachor, Fort Malsian. Fort Dakhni-Ki-Srai (Dist Jullundur), all these forts were manned by his forces, so that motherland could remai

free of foreign yoke, and the greatest enemy, the Franques (British), may not be able to attack Punjab, if they dare so, it shall be considered as an attack on the Khalsa's Guru's son and they shall fight to the last.

British knowing they are enemies of Baba Sahib Singh Ji wrote as under and called him as VNERABLE PATRIARCH (meaning by age father and ruler of the family or tribe—(Gazette of India Part IV o-2 of the territories under the Govt, of East India Co.)

**Punjab :**

Guru Gobind Singh fifth in succession from Hargobind, and the tenth from Nanak, is regarded as the founder of temperal power of the Sikhs. His votaries were instructed by him always to bear arms, or atleast steal in one from or other about them, and to assume the name of Singh, or Lion, previously affected only by the Rajputs. By this name they are distinguished from the other sikhs or followers of Baba Nanak. They ceased to have any spiritual leader. So states Forster, whose account is consistent and probably accurate and seems to be corroborated by Jacquement in his notice for Amritsar—"Cette Rome do Penljan'a point do pope Burmes, however, makes mention of "The head of the sikhs Church", the Bedi or Sahib Singh after the death of Gobind Singh.

Even S. Khushwant Singh has in his book "Ranjit Singh Maharajah of Punjab 1780-1839 at page 36 reference to Baba Sahib Singh as "Enjoyed the status of father of the Sikhs."

His references in the book are as under to show his position and status being from Guru Nanak's family :—

Shah Zaman gave up talk of a holy war and of exterminating the Sikhs. He sent his agent to Amritsar assuring the Sikh chiefs that their possessions would not be distributed and asking them what they wanted. The first reply was unanimous; they wanted nothing but that the Afghans should return to their own country and leave them in peace in theirs, Zaman instructed his agents to try and sowdiscord among the Sikhs. The agents approached the Sardars separately and made generous offers. This manoeuvre was more successful. Many Sardars sent their agents to Lahore where they were received with flattering attention by the Shah. 'I bestow this country on you free from assessment. Continue to keep and cultivate it in confidence, he said grandly Ranjit Singh also sent his representative to Zaman to negotiate for the Subendhari of Lahore. Just when it seemed that Afghan diplomacy had succeeded in breaking up Sikh unity. ***a saviour***, appeared in the person of Sahib Singh Bedi who, by virtue of his descent from Guru Nanak and his age, *enjoyed the* status *of father of the Sikh*s. He pleaded with the Sardars to stop negotiating with the foreign invador. They agreed to abid

by his decision and when the Shah's agents came again he told them on behalf of the Sikhs. "We took the country by the sword and will preserve by the sword." Zaman had to give up the plan to win over the Sikhs and swore he would teach them a lesson in war. This was an empty boast as the news writer's report of the same day states, The Shah's camp is always in alram on account of the Sikhs who at night approach Lahore and keep up a fire of musketry. None go out against them".

The open rifts between two leading Sardars was an invitation to foreign powers Zaman sent envoys to negotiate with the rival factions. In the South, George Thomas prepared to march upto the Sutlej and the French General, Perron, to whom th Malwa Sardars had turned for assistance, made it clear that his price would be a larg alice of the Punjab. The peril produced the man. This was again Sahib Singh Bed who had three years earlier unified the Sikhs to fight the Afghans.

The Bedi was trying to get the Sikh Chiefs of the Cis-Sutlej (The Malwa regio between the rivers Sutlej and the Jamuna) to unite against George. Thomas, when h heard of the conflict between the Bhangies and Ranjit Singh. He hurried nort to Gujerat and in the name of the Guru ordered the parties to lay down their arms Such was the prestige of his man that the Sardars obeyed without demur. Sohan La gives a graphic account of the scene. "The exalted One (RANJIT) united his wor from his waist and placed it on the ground before Baba Sahib Singh. All th Sardars did the same. For one hour the swords lay on the ground and the Sardars di not do anything. Afterwards, the said Baba Sahib Singh tied the sword round th waist of the Exalted One and said that within a short time all his oppponents would b extirpated and his rule would be established throughout the country." Ranjit Singh wa persuaded by the Bedi to leave Gujerat along. But he punished the Chief of Akalgar who had aided with the Bhangis by capturing his fort and, on his death, annexin his estates.

Invitations were sent to princes and estate holders, and those who responde were invested with robes of honour and confirmed in their possessions. After ceremonia durbar was over, Ranjit Singh and Fateh Singh Ahluwalia set out against the few chiefs who had ignored the invitations. Sialkot was captured after a three day siege Akhnur submitted without fight; the Bhangi of Gujerat had to get Sahib Singh Bedi to intercede on his behalf before he was forgiven; the Kanhyas, whose daughter was engaged to marry the heir apparent, were let off with a light tribute and the attachment of a part of their estate.

Meanwhile Ranjit proceeded on his triumphant march through the region, welcomed by the people wherever he went. From Ambala to Shahbad, from Shahbad to Patiala. There he met the petrified Sahib Singh, whom he had betrayed more than once. Ranjit Singh embraced Sahib Singh of Patiala and in the presence of the vener-

able Sahib Singh Bedi, who was always wont to appear when the Sikhs were threatened with disruption, exchanged turbans with the Patiala Rajah. Ranjit Singh had given clear proof that the land between the Jumna and Sutlej was under the control and almost all the chiefzains of the area acknowledged his suzerainty.

On Diwali, the Maharajh called a gathering of the States Sardar. Generals and Counsellors at Amritsar; the venerable Suhib Singh Bedi presiding. They discussed the campaigns of the past year and the opinion was that although they had done well, their army was still not as sufficient as that of the English.

As the days went by, Zaman realised that there was no possibility of breaking through the Sikh barricades and proceeding towards Delhi. He gave up talking of a holy war to exterminate the Sikhs and sent his agent to Amritsar to negotiate with the S rdars. He assured them that their possessions would be guaranteed and asked them the price of their co-operation. He also tried to bring disunity among the chief by playing on their jealousies and making offers of cash and Jagirs to buy their support. This manoeuvre was successful. Several chiefs sent their agents to Lahore. They were received with flattering attention by the Shah. "I bestow this on you free from assessment. Continue to keep and cultivate it in confidene," negotiate the Subedari of Lahore in order to offset the moves of the other Sardars. Sahib Singh Bedi, who by virtue of his descent from Guru Nanak was held in great esteem by the Sikhs, addressed Zaman's envoy on behalf of all the Sardars. "We took the country by the sword and will preserve it by the sword."

After Jammu, Ranjit Singh turned his attention to Gujerat. He was constrained to raise the siege on the intervention of Sahib Singh Bedi.

Sohan Lal gives a graphic description of the scene. "The Exalted One (Ranjit) untied his sword from his waist and placed it on the ground before Baba Sahib Singh Bedi). All the Sardars, Jodh Singh, Dal Singh and Sahib Singh did the same. For one hour the swords lay on the ground and the Sardars did not say anything. Afterwards the said Baba Sahib Singh tied the sword round the waist of the Exalted One and said that within a short time all his opponents would be extirpated and his rule would be established throughout the country."

Ranjit Singh hesitated to assume the formal title of Maharajah, for he wished to avoid doing anything which would give the other chiefs cause to conspire against him. Gradually he came to the conclusion that the advantages of investing an established fact with a legal title would outweigh the danger of arousing the hostility of the feudal aristocracy. The move would undoubtedly be opoular with the masses, who had not had a ruler and a government of their own for many centuries. It would induce other Punjabis who were not yet citizens of the new state to recognise the compulsions of language and a common way of life, and throw in their lot with the country. The neighbouring powers which were casting covetous glances on the Punjab would also

grow accustomed to the idea that the people of the Punjab were one people and Ranjit Singh was their ruler. On the Ist of Baishakh (April 12) 1801, Sahib Singh Bedi doubde Ranjit Singh's forehead with saffron. A royal salute was fired from the fort. In the afternoon the young Maharajah rode on his elephant, showering gold and silver coin on jubilant crowds of his subjects, In the evening. all the homes of the city were illuminated.

Late Principal Teja Singh M.A., Ex Principal of Khalsa College, Amritsar writes about Shri Hazur Baba Sahib Singh as under :—

"Baba Sahib Singh was one of the greatest figures in Sikh History, a moulder of the Sikh Nation, especially in the bey-days of Sikh kingdom, in the building of which he had a great band. But for him and his able guidence, even the great Maharaja would not have achieved those heights which made him shine in the darkest days of Indian History."

## RELIGIOUS WARS FOUGHT BY BABA SAHIB SINGH BEDI

| | | |
|---|---|---|
| 1794 | — | Malerkotla War |
| 1798 | — | Raikot War. |

He remained in Malerkotla, Raikot area with Head Quarters at Mansorran fo over seven years to protect the Sikh and Hindus alike from Mughal rulers true his thir battle against George Thomas at Ludhiana. When he won took possessions of fort an whole town was alluminated.

Baba Sahib Singh died in 1834 and was succeeded by Baba Bikrama Singh h youngest son. You will find references about him as under :—

(i) Note in Punjab chiefs says.-

"Bishan Singh migrated to Malsian in Jullundur Doab and Bikrama Singh thir son of Shri Hazur Baba Sahib Singh succeeded his father in bulk of the acquired propert and on him also descended the spiritual and mental as representative of Baba Nanak His position was recognised at Lahore."

But things changed with advent of British, who had grounds for believing i Bikrama Singh, disloyality, Fire arms were found concealed in his garden, and othe proof was present of his readyness to rebel. He refused to accept any Jagirs fron British for his loyality to them. Then came the local rising "Insnestion Movement c Jallundur Doab" in 1848-Bedi Bik-rama Singh threw whatever weight he had into th movement. Finding rebellion having been put down sppedily, he fled in all haste crossed Beas; and joined the Sikh forces of Sher Singh.

Bikrama Singh always sided with his country men as such be suffered "propert confiscated, forts pulled down, and remained in exite for rest of his life. On the othe hand Sir Baba Khem Singh the other representative of the time sided with British a

is written in families of Chiefs "During the rebellion of 1848-49 Sampuran Singh and Khem Singh remained faithful to the Darbar (British) while Bikrama Singh joined the rebbells."

As such estates of 117 villages at Una giving clear income of 2 lacs per year were confiscated, all forts built by Bedi Sahib Singh along river Sutlej to ward off an attack on Sikhs at any time, were pulled down and he was allowed to live in survelance at Amritsar till his death in 1862. The following letters will give references to his odd plan of Forts :-

**F.C. No. 648. from Commissioner Trans Sutlej to G.G. No. 99 D/-7/5/1846:**

Baba Bikrama Singh - Chief of Bedis "There can no question that as head of the Sikhpriesthood, he would gladly see his country men victorious."

**F.C. No. 103 of 1846**

Bedi Bikrama Singh—The spiritual chief of Una.

**John Lawrence's letter No. 51, dated 17/4/1846 to Brig Wheeler CB Commander in Jullundur Doab :**

Baba Bikrama Singh of Una chief - Who is lenial descendent of Baba Nanak and is therefore looked upon as the high priest of the sikhs.

**Letter No. 170. dated 1/6/1846 from J. Lawrence Commissioner Jullundur to Major H. M. Lawrence Agent to G. G. to N. W. F. P.**

Bedis of Jullundur Doab who number 2000 families over whom—Baba Bikram Singh is the *chief or Guru*. Baba Bikrama Singh is head of Bedis and their religious guide.

**Foreign Secret No. 983, dated 26th December, 1846 copy of memo by Governor General.**

Chief of the Bedis—Baba Bikrama Singh, a force holding power over 2000 families in the Doab.

In letter No. 539/539 dated 28-12-54 by Secretary *Govt. of India* (*Foreign Dept.*) policy laid for dealing with the Bedi family of Baba Bikrama Singh was as under :—

"Such are the anticedents of this influenced family which has been reduced to poverty,—representative of this family should be sofar raised above poverty to be able to lead a life of dependence on British Govt."

**Secret No. 112, dated 30th December 1948.**

Baba Bikrama Singh (From Sikh Darbar) after compliments. Khalsa look to you for assistance and are ready to obey your command as you are their Guru. Send orders to Patiala Rajah to side with us.

**Secret No. 219-A. dated 30th December, 1948.**

The circumstances of the Bedi having joined the insurrection will have an emmence effect. No doubt, on all the sikhs in the Doab. You find reference about him in "The Pioneer Freedom Fighters' by Kirpal Singh as under :—

## BABA BIKRAMA SINGH BEDI

His only surviving son Bedi Sujjan Singh was restored 81 ghumaon of land and demolished fort of Una, with a pension of Rs. 2400/- per year (later converted into Jagir). He died in 1921 and was succeeded by Tikka Ram Kishan but the Jagir was confiscated for the reason that family had lost all influences, he died in 1938 and was succeedcd by his son Baba Devinder Singh who died in 1962, and at present Baba Madhusudan Singh Bedi. The family after the death of Baba Bikrama Singh during British regime remained closely watched and suspected, punished morally; in the present days of Nationalist Govt. Baba Madhusudan Singh has brought this family to position again. He is doing what his forefathers did—preach on to Him, as Guru Nanak did. Keep contact with masses and bring them over a path of oneness, as was shown by Guru Nanak and put in practice by Baba Sahib Singh, who created Sikh Raaj, by emancipating motherland from Mughal rulers of the Nation. He has started celebrating Birth Anniversary of Guru Nanak, Guru Gobind Singh and Baba Sahib Singh at Una, later being held on a large scale in March every year. He has created centers at Mansuran in Malwa, at Dakhan, Malsian, Gunachor (in Distt. Jullundur) in Doaba, where congregation are held every month, and Guru Nanak's teachings are preached. New buildings are coming up at these places to complete 'Asharams' of Guru Nanak.

ਪੁਸਤਕ-ਪੜਚੋਲ :—

# ਵਸਾਖ ਨਹੀਂ—ਕੱਤਕ

( ਲੇਖਕ :—ਗਿਆਨੀ ਈਸ਼ਰ ਸਿੰਘ 'ਨਾਰਾ', ਦਿਲੀ )

ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਦਾ ਪੰਜ ਸੌ ਸਾਲਾ ਪ੍ਰਕਾਸ਼-ਉਤਸਵ ਗੁਰੂ ਨਾਨਕ ਸ਼ਤਾਬਦੀ ਦੇ ਰੂਪ ਵਿਚ ਮਨਾਇਆ ਗਿਆ ਹੈ ਪਰ ਇਸ ਸਮੇਂ ਲਖਾਂ ਰੁਪੈ ਖਰਚੇ ਜਾਣ ਤੇ ਵੀ ਗੁਰੂ ਨਾਨਕ ਪਾਤਸ਼ਾਹ ਦੇ ਅਵਤਾਰ ਧਾਰਨ ਦਾ ਦਿਨ, ਕਿਸੇ ਸਭਾ ਸੋਸਾਇਟੀ ਜਾਂ ਲੇਖਕ ਨੇ ਨਿਰਣੇ ਜਨਕ ਨੀਯਤ ਨਹੀਂ ਕੀਤਾ ਤੇ ਨਾ ਹੀ ਹਜ਼ੂਰ ਦੀ ਪ੍ਰਮਾਣੀਕ ਤਸਵੀਰ ਬਣਾਈ ਜਾ ਸਕੀ ਹੈ। ਹਾਲਾਂਕਿ ਇਹ ਦੋਵੇਂ ਕੰਮ ਅਤੀ ਜ਼ਰੂਰ ਸਨ।

"ਵਸਾਖ ਨਹੀਂ-ਕੱਤਕ" ਗਿਆਨੀ ਈਸ਼ਰ ਸਿੰਘ 'ਨਾਰਾ' ਦੀ 260 ਸਫ਼ੇ (12 ਪੁ. ਟਾਈਪ) ਦੀ ਪੁਸਤਕ ਧਾਰਨ ਦੀ ਮਿਤੀ ਬਾਰੇ ਇਕ ਨਾ ਝੁਠਲਾਈ ਜਾ ਸਕਣ ਵਾਲੀ ਖੋਜ ਹੈ।

ਆਪ ਦੀ ਖੋਜ ਸਾਮਗਰੀ, ਭਾਈ ਗੁਰਦਾਸ ਦੀਆਂ ਵਾਰਾਂ, ਪੁਰਾਤਨ ਜਨਮਸਾਖੀ ਅਤੇ ਗੁਰਬਾਣੀ ਹੈ। ਦਲੀਲਾਂ ਵਜ਼ਨਦਾਰ ਹਨ। ਲੇਖਕ ਦੀ ਸ਼ੈਲੀ ਅਤੀ ਰੌਚਕ ਅਤੇ ਸ਼ਰਧਾ ਭਰਪੂਰ ਹੈ। ਪੁਸਤਕ, ਖੋਜੀਆਂ ਲਈ ਅਤੀ ਲਾਭਕਾਰੀ ਹੈ ਪਰ ਇਸ ਦੀ ਕੀਮਤ 10 ਰੁਪੈ ਬਹੁਤੀ ਹੈ। ਲੇਖਕ ਗਰੀਬੀ ਦੀ ਹਾਲਤ ਵਿਚ ਖੋਜ ਕਰਨ ਤੇ ਜੋ ਸਮਾਂ ਦੇ ਰਿਹਾ ਹੈ ਉਸ ਨੂੰ ਮੁਖ ਰਖ ਕੇ ਇਹ ਕੀਮਤ ਜ਼ਿਆਦਾ ਨਹੀਂ ਹੈ। ਸਭਾ ਸੋਸਾਇਟੀਆਂ ਦਾ ਕੰਮ ਇਕੱਲਾ ਆਦਮੀ ਕਰ ਰਿਹਾ ਹੈ। ਇਹ ਬਹੁਤ ਵਡੀ ਦਲੇਰੀ ਭੀ ਹੈ ਤੇ ਕੁਰਬਾਨੀ ਵੀ।

ਆਪ ਦੀਆਂ ਪਹਿਲੀਆਂ ਪੁਸਤਕਾਂ 'ਰਾਜਾ ਜੋਗੀ' (ਜੀਵਨ ਬਾਬਾ ਸਾਹਿਬ ਸਿੰਘ ਜੀ ਬੇਦੀ) ਅਤੇ ਬਾਬਾ ਸ੍ਰੀ ਚੰਦ ਮਹਾਰਾਜ ਦਾ ਜੀਵਨ ਭੀ ਸਲਾਹੁਣ ਯੋਗ ਰਚਨਾਵਾਂ ਹਨ।

ਵਾਹਿਗੁਰੂ ਆਪ ਨੂੰ ਲੰਬੀ ਉਤਸ਼ਾਹ ਅਤੇ ਚੜ੍ਹਦੀ ਕਲਾ ਬਖਸ਼ੇ ਤਾਂ ਜੋ ਆਪ ਇਸੇ ਤਰ੍ਹਾਂ ਗੁਰਸਿਖ ਫੁਲਵਾੜੀ ਦੀ ਸੇਵਾ ਕਰਦੇ ਰਹਿਣ।

—ਸੇਵਾ ਸਿੰਘ 'ਮਾਨ' ਐਡੀਟਰ

# ਬਾਬਾ ਸਾਹਿਬ ਸਿੰਘ ਜੀ ਬੇਦੀ

( ਸ. ਸ਼ਮਸ਼ੇਰ ਸਿੰਘ ਅਸ਼ੋਕ )

**ਜਨਮ ਤੇ ਬਚਪਨ :—**

ਬੇਦੀ ਬਾਬੇ ਗੁਰੂ ਨਾਨਕ ਦੇ ਖਾਨਦਾਨ ਨਾਲ ਲਹੂ-ਮਾਸ ਦਾ ਸੰਬੰਧ ਰਖਦੇ ਹਨ। ਬਾਬਾ ਸਾਹਿਬ ਸਿੰ ਜੀ ਬੇਦੀ, ਜਿਨ੍ਹਾਂ ਦਾ ਸਮਾਂ ਸੰਮਤ 1812 ਬਿ. (ਸੰਨ 1766 ਈ.) ਤੋਂ ਸੰਮਤ 1891 ਬਿ. (ਸੰਨ 1834 ਈ ਤਕ ਹੈ, ਸਿਖ ਰਾਜ ਦੇ ਮੋਢੀਆਂ ਤੇ ਪੰਜਾਬ ਦੇ ਉਸਰਈਆਂ ਵਿਚੋਂ 18ਵੀਂ-19ਵੀਂ ਸਦੀ ਦੇ ਇਕ ਮਹਾਨ ਵਿਅਕ ਸਨ। ਆਪ ਗੁਰੂ ਨਾਨਕ ਤੋਂ 11ਵੀਂ ਪੁਸ਼ਤ ਬਾਬਾ ਅਜੀਤ ਸਿੰਘ ਜੀ ਦੇ ਸਪੁਤ੍ਰ ਅਤੇ ਬਾਬਾ ਕਲਾਧਾਰੀ ਜੀ ਪੋਤਰੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਪੁਤਰ ਸਨ :—

1. ਬਾਬਾ ਸ੍ਰੀ ਚੰਦ ਜੀ।
2. ਬਾਬਾ ਲਖਮੀ ਦਾਸ ਜੀ।

ਬਾਬਾ ਸ੍ਰੀ ਚੰਦ ਜੀ ਤਾਂ ਬਾਲ-ਜਤੀ ਹੋਣ ਕਰ ਕੇ ਦੁਨੀਆਂਦਾਰੀ ਤੋਂ ਅਟੰਕ ਤੇ ਤਿਆਗੀ ਸਨ ਤੇ ਉਹ ਦੇ ਛੋਟੇ ਭਾਈ ਲਖਮੀ ਦਾਸ ਜੀ ਚੂੰਕਿ ਪੂਰੇ ਪੂਰੇ ਦੁਨੀਆਂਦਾਰੀ ਤੇ ਗ੍ਰਿਹਸਤੀ ਸਨ, ਇਸ ਲਈ ਉਹਨਾਂ ਤੋਂ ਹੀ ਅੰਸ਼ ਬੇਦੀ ਬੰਸ ਦਾ ਸਿਲਸਿਲਾ ਅਗੇ ਤੋਂ ਅਗੇ ਚਲਦਾ ਰਿਹਾ, ਜਿਸ ਕਰ ਕੇ ਬਾਬਾ ਸਾਹਿਬ ਸਿੰਘ ਜੀ ਬਾਬਾ ਲੱਖ ਦਾਸ ਤੋਂ ਬਾਦ ਨੌਂਵੇਂ ਉੱਤਰਾਧਿਕਾਰੀ ਸਾਬਤ ਹੁੰਦੇ ਸਨ।

ਬਾਬਾ ਸਾਹਿਬ ਸਿੰਘ ਜੀ ਦਾ ਜਨਮ ਮਿਤੀ ਚੇਤ ਸੁਦੀ 5 ਸੰਮਤ 1813 ਬਿ. ਨੂੰ ਡੇਰਾ ਬਾਬਾ ਨਾਨਕ ਜ਼ਿ ਗੁਰਦਾਸਪੁਰ ਵਿਚ ਮਾਤਾ ਸਰਪਾਂ ਦੇਵੀ ਦੀ ਕੁਖੋਂ ਬਾਬਾ ਅਜੀਤ ਸਿੰਘ ਬੇਦੀ ਦੇ ਘਰ ਹੋਇਆ। ਜਨਮ ਤੋਂ ਪਿ 13ਵੇਂ ਦਿਨ, ਜਿਵੇਂ ਕਿ ਧਾਰਮਿਕ ਵਿਧੀ-ਨਿਖੇਧ ਤੇ ਲੋਕਾਚਾਰ ਦੇ ਮੁਤਾਬਿਕ ਸਿਖ-ਸਮਾਜ ਦਾ ਆਮ ਰਿਵਾਜ ਬਾਬਾ ਜੀ ਦਾ ਜਨਮ-ਸੰਸਕਾਰ ਹੋਣ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਵਾਕ ਲੈ ਕੇ :—

"ਸਾਹਿਬ ਹੋਇ ਦਇਆਲ, ਕ੍ਰਿਪਾ ਕਰੇ ਤਾਂ ਸਾਈ ਕਾਰ ਕਰਾਇਸੀ ॥"

(ਵਾਰ ਆਸਾ ਮ. ੧)

ਦੇ ਅਨੁਸਾਰ ਸਾਹਿਬ ਸਿੰਘ ਨਾਮ ਰਖਿਆ ਗਿਆ। ਇਹਨਾਂ ਤੋਂ ਪਿਛੋਂ ਬਾਬਾ ਅਜੀਤ ਸਿੰਘ ਦੇ ਘਰ ਇਕ ਪੁਤਰ ਹੋ ਪੈਦਾ ਹੋਇਆ ਜਿਸ ਦਾ ਨਾਮ ਰਖਿਆ ਗਿਆ (ਬਾਬਾ) ਮਹਿਬੂਬ ਸਿੰਘ।

ਬਾਬਾ ਅਜੀਤ ਸਿੰਘ ਜੀ ਬੇਦੀ ਨੇ, ਜਿਵੇਂ ਕਿ ਉਹਨਾਂ ਦੀਆਂ ਇਤਿਹਾਸਕ ਸਾਖੀਆਂ ਪੜ੍ਹਨ ਤੋਂ ਪ ਲਗਦਾ ਹੈ, ਆਪਣੇ ਪੂਜ ਪਿਤਾ ਬਾਬਾ ਕਲਾਧਾਰੀ ਜੀ ਦੀ ਪ੍ਰੇਰਨਾ ਨਾਲ ਉਹਨਾਂ ਦੀ ਮੌਜੂਦਗੀ ਵਿਚ ਹੀ ਸ੍ਰੀ ਅਨੰਦਪ ਜਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛਕਿਆ ਸੀ ਤੇ ਆਪ ਇਸ ਤਰ੍ਹਾਂ ਅਜੀਤ ਰਾਇ ਤੋਂ ਅਜੀਤ ਸਿ ਬਣੇ ਸਨ।

ਗੁਰੂ ਨਾਨਕ ਦੇ ਖਾਨਦਾਨ ਵਿਚ ਆਪ ਪਹਿਲੇ ਸਿੱਖ ਸਨ ਜੋ ਅੰਮ੍ਰਿਤ ਛਕ ਕੇ ਖਾਲਸਾ ਬਣੇ ਤੇ ਜਿ ਬੜੀ ਖੁਸ਼ੀ ਨਾਲ ਸ੍ਰੀ ਦਸਮੇਸ਼ ਜੀ ਦੀ ਦਸੀ ਹੋਈ ਰਹਿਤ-ਬਹਿਤ ਨੂੰ ਕਬੂਲਿਆ। ਬਾਬਾ ਸਾਹਿਬ ਸਿੰਘ ਜੀ ਮੁਢਲੀ ਸਿਖਯਾ-ਦੀਖਯਾ ਅਥਵਾ ਵਿਦਿਆ ਦਾ ਪ੍ਰਬੰਧ ਘਰ ਰਹਿੰਦਿਆਂ ਹੀ, ਜਿਵੇਂ ਕਿ ਉਸ ਸਮੇਂ ਨਿਤ ਦੇ ਰਾਜ-ਰੌਲਿ ਦੇ ਕਾਰਨ ਹੋਰ ਕੋਈ ਸਾਂਝੇ ਸਕੂਲ-ਕਾਲਜ ਨਾ ਹੋਣ ਕਰ ਕੇ ਆਮ ਰਿਵਾਜ ਸੀ, ਆਪਣੇ ਯੋਗ ਪਿਤਾ ਬਾਬਾ ਅਜੀ ਸਿੰਘ ਜੀ ਦੀ ਦੇਖ-ਰੇਖ ਵਿਚ ਹੋਇਆ। ਪਹਿਲਾਂ ਆਪ ਨੇ ਗੁਰਮੁਖੀ ਅੱਖਰ ਸਿਖੇ, ਗੁਰੂ ਬਾਣੀ ਪੜ੍ਹੀ ਤੇ ਫੇਰ ਜਟ

ਸਾਖੀ ਗੁਰੂ ਨਾਨਕ ਤੇ ਹੋਰ ਸਿਖ-ਇਤਿਹਾਸ ਸੰਬੰਧੀ ਪੁਸਤਕਾਂ ਦਾ ਅਧਿਐਨ ਕੀਤਾ। ਸ਼ਿਕਾਰ ਦਾ ਸ਼ੌਕ ਆਪ ਨੂੰ ਮੁਢ ਤੋਂ ਹੀ ਸੀ। ਅਕਲ ਤ੍ਰਿਖੀ ਤੇ ਸਮਝ-ਸੂਝ ਉੱਚ ਪਾਏ ਦੀ ਹੋਣ ਕਰ ਕੇ ਆਪ "ਹੋਣਹਾਰ ਬਿਰਵਨ ਕੇ ਹੋਤ ਚੀਕਨੇ ਪਾਤ" ਦੇ ਅਖਾਣ ਅਨੁਸਾਰ ਬੜੀ ਛੇਤੀ ਕੌੜੀ ਵੇਲ ਵਾਂਗੂ ਵਧੇ ਤੇ ਪਿਤਾ ਦੀਆਂ ਆਸਾਂ ਦੇ ਮੁਤਾਬਿਕ ਵਧ ਤੋਂ ਵਧ ਜ਼ਿੰਦਗੀ ਦੇ ਘੋਲ ਵਿਚ ਕਾਮਯਾਬ ਸਾਬਤ ਹੋਏ। ਪਿਤਾ ਪੁਰਖੀ ਤੋਂ ਹੀ ਬੇਦੀ ਖਾਨਦਾਨ ਦਾ ਨਿਵਾਸ ਪਹਿਲ ਡੇਰਾ ਬਾਬਾ ਨਾਨਕ ਜ਼ਿਲਾ ਗੁਰਦਾਸਪੁਰ ਸੀ, ਪਰ ਫੇਰ ਯੋਗੀ ਰਾਜ ਬਾਬਾ ਕਲਾਧਾਰੀ ਜੀ ਦੇ ਆਦੇਸ਼ ਅਨੁਸਾਰ ਨਵੀਂ ਗੱਦੀ ਊਨਾ ਜ਼ਿਲਾ ਹੁਸ਼ਿਆਰਪੁਰ ਵਿਚ ਕਾਇਮ ਹੋਈ, ਜਿਸ ਨੂੰ ਉੱਨਤ ਕਰਨ ਵਿਚ ਬਾਬਾ ਸਾਹਿਬ ਜੀ ਨੇ ਮਨ ਬਚਨ ਤੇ ਕਰਮ ਤੋਂ ਪੂਰਾ ਪੂਰਾ ਜਤਨ ਕੀਤਾ।

## ਜੁਵਾ ਅਵਸਥਾ, ਵਿਆਹ; ਸੰਤਾਨ ਤੇ ਰਾਜ-ਭਾਗ :—

ਬਾਬਾ ਅਜੀਤ ਸਿੰਘ ਜੀ ਨੇ ਆਪਣੇ ਪੁਤਰ ਸਾਹਿਬ ਸਿੰਘ ਨੂੰ ਸਰਬ ਗੁਣ ਨਿਪੁੱਣ ਦੇਖ ਕੇ ਆਪ ਤੀਰਥ ਯਾਤ੍ਰਾ ਦਾ ਸੰਕਲਪ ਪ੍ਰਗਟ ਕੀਤਾ, ਜਿਸ ਕਰ ਕੇ ਉਹ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ, ਬੰਗਾਲ ਆਦਿ ਦੀ ਸੈਰ ਕਰਦੇ ਹੋਏ ਕਲਕਤੇ ਜਾ ਕੇ ਇਸੇ ਯਾਤਰਾ ਦੇ ਦੌਰਾਨ ਵਿਚ ਹੀ ਸੰਮਤ 1830 ਬਿ. ਵਿਚ ਸੁਰਗਵਾਸ ਹੋ ਗਏ। ਇਸ ਸਮੇਂ ਬਾਬਾ ਸਾਹਿਬ ਸਿੰਘ ਹੋਰਾਂ ਦੀ ਉਮਰ 17 ਸਾਲ ਦੇ ਲਗਪਗ ਸੀ। ਇਸ ਸਮੇਂ ਪੰਜਾਬ ਵਿਚ ਮੁਗਲ ਹੀ ਹਕੂਮਤ ਦੀ ਘੰਡੀ ਨਪੀ ਜਾਣ ਕਰ ਕੇ ਸਿਖਾਂ ਦੀਆਂ 12 ਮਿਸਲਾਂ ਦਾ ਬੋਲਬਾਲਾ ਸੀ ਤੇ ਬੇਦੀ ਖਾਨਦਾਨ ਜਿਸ ਦੇ ਮੋਢੀ ਬਾਬਾ ਸਾਹਿਬ ਸਿੰਘ ਜੀ ਬੇਦੀ ਸਨ, ਪੂਰਨ ਗੁਰਸਿੱਖ ਹੋਣ ਕਰਕੇ 12 ਮਿਸਲਾਂ ਦੇ ਸਰਦਾਰਾਂ ਦੀ ਨਿਗਾਹ ਵਿਚ ਖਾਸ ਤੌਰ ਤੇ ਬੜਾ ਮਾਣ ਸਤਿਕਾਰ ਰਖਦੇ ਸਨ। ਭਾਵੇਂ ਸ਼ੁਰੂ ਸ਼ੁਰੂ ਵਿਚ ਬਾਬਾ ਸਾਹਿਬ ਸਿੰਘ ਜੀ ਨੇ ਧਰਮ ਪ੍ਰਚਾਰ ਦੇ ਇਰਾਦੇ ਨਾਲ ਜੰਮੂ-ਕਸ਼ਮੀਰ ਆਦਿ ਇਲਾਕਿਆਂ ਦੇ ਦੌਰੇ ਵੀ ਕੀਤੇ ਤੇ ਦਸਮੇਸ਼ ਦੀ ਨਗਰੀ ਆਨੰਦਪੁਰ ਵਿਚ ਵੀ ਕੁਝ ਸਮਾਂ ਨਿਵਾਸ ਕੀਤਾ, ਪਰ ਫੇਰ ਅਨੰਦਪੁਰੀਏ ਸੋਢੀਆਂ ਦੇ ਈਰਖਾ ਕਰਨ ਤੇ ਆਪ ਨੇ ਊਨੇ ਰਹਿਣ ਹੀ ਮੁਨਾਸਿਬ ਸਮਝਿਆ ਤੇ ਉਥੇ ਹੀ ਪਕੇ ਤੌਰ ਤੇ ਆਪਣਾ ਪ੍ਰਚਾਰ ਕੇਂਦਰ ਥਾਪਿਆ।

ਬਾਬਾ ਸਾਹਿਬ ਸਿੰਘ ਜੀ ਦੀਆਂ ਤਿੰਨ ਸ਼ਾਦੀਆਂ ਇਕ ਦੂਜੀ ਤੋਂ ਬਾਅਦ ਹੋਈਆਂ। (1) ਇਕ ਦੁਆਬੀਏ ਖਤਰੀ ਭਾਈ ਰਾਮ ਸਹਾਈ ਦੀ ਲੜਕੀ ਗੁਲਾਬ ਦੇਈ ਨਾਲ, (2) ਭਾਈ ਜੀਤ ਮਲ ਖਤਰੀ ਦੀ ਲੜਕੀ ਨਾਲ ਤੇ (3) ਇਲਾਕਾ ਨੱਕਾ (ਮੁਲਤਾਨ) ਦੇ ਸਰਦਾਰ ਸਹਾਈ ਸਿੰਘ ਦੀ ਲੜਕੀ ਨਾਲ। ਇਹਨਾਂ ਤਿੰਨਾਂ ਸੁਪਤਨੀਆਂ ਵਿਚੋਂ ਬਾਬਾ ਸਾਹਿਬ ਸਿੰਘ ਜੀ ਦੇ ਘਰ ਤਿੰਨ ਪੁਤਰ ਪੈਦਾ ਹੋਏ। (1) ਬਾਬਾ ਬਿਸ਼ਨ ਸਿੰਘ, (2) ਬਾਬਾ ਤੇਗ ਸਿੰਘ ਤੇ (3) ਬਾਬਾ ਬਿਕ੍ਰਮ ਸਿੰਘ ਜੀ। ਤੇ ਅਗੇ ਚਲ ਕੇ ਬੇਦੀ ਖ਼ਾਨਦਾਨ ਦੀਆਂ ਦੋ ਵਖੋ ਵਖ ਸ਼ਾਖ਼ਾਂ ਪ੍ਰਚਲਿਤ ਹੋਈਆਂ। (1) ਬਾਬਾ ਬਿਸ਼ਨ ਸਿੰਘ ਦੀ ਸ਼ਾਖ਼ਾ, ਜਿਸ ਦੀ ਗੱਦੀ ਪਿੰਡ ਕੱਲਰ ਜ਼ਿਲਾ ਰਾਵਲ ਪਿੰਡੀ ਕਰਾਰ ਪਾਈ ਤੇ (2) ਬਾਬਾ ਬਿਕ੍ਰਮ ਸਿੰਘ ਦੀ ਸ਼ਾਖ਼ਾ, ਜਿਸ ਦੀ ਗੱਦੀ ਊਨੇ ਵਿਚ ਹੀ ਕਾਇਮ ਰਹੀ ਤੇ 12 ਮਿਸਲਾਂ ਦੇ ਸਿਖ ਸਰਦਾਰ ਇਸ ਖ਼ਾਨਦਾਨ ਨੂੰ ਗੁਰੂ ਪੰਥ ਨਾਲ ਵਧੀਕ ਸਬੰਧਿਤ ਹੋਣ ਕਰ ਕੇ ਬਹੁਤਾ ਮਾਣ ਦਿੰਦੇ ਰਹੇ।

ਸੋਢੀਆਂ ਦੇ ਮੁਕਾਬਲੇ ਤੇ ਬਾਬਾ ਸਾਹਿਬ ਸਿੰਘ ਤੇ ਉਸ ਦੇ ਖਾਨਦਾਨ ਦੇ ਮਾਣ ਦਾ ਇਕ ਕਾਰਣ ਇਹ ਵੀ ਸੀ ਕਿ ਸਿੱਖ ਰਹਿਤ ਨਾਮਿਆਂ ਦੀਆਂ ਹਿਦਾਇਤਾਂ ਦੇ ਮੁਤਾਬਿਕ ਖ਼ਾਸ ਤੌਰ ਤੇ ਮੀਣੇ, ਮਸੰਦਾਂ, ਧੀਰ ਮੱਲੀਆਂ ਤੇ ਰਾਮ ਰਾਈਆਂ ਤੋਂ ਗੁਰੂ-ਹੁਕਮ ਦੇ ਮੁਤਾਬਿਕ ਬਹੁਤਾ ਪ੍ਰਹੇਜ਼ ਰਖਦੇ ਸਨ ਕਿਉਂਕਿ ਮੀਣੇ (ਬਾਬਾ ਪ੍ਰਿਥੀ ਚੰਦ ਦੇ ਖ਼ਾਨਦਾਨ ਦੇ ਸੋਢੀ, ਧੀਰ ਮਲੀਏ (ਬਾਬਾ ਧੀਰ ਮਲ ਪੁਤਰ ਗੁਰੂ ਹਰਿ ਗੋਬਿੰਦ ਜੀ ਦੀ ਸੰਤਾਨ) ਅਤੇ ਰਾਮ ਰਾਈਏ (ਬਾਬਾ ਰਾਮ ਰਾਇ ਪੁਤਰ ਹਰਿ ਰਾਇ ਦੇ ਅਨੁਯਾਈ) ਗੁਰਸਿੱਖਾਂ ਦੇ ਅਕੀਦੇ ਤੇ ਖ਼ਾਸ ਕਰਕੇ ਗੁਰੂ-ਘਰ ਦੀਆਂ ਰਵਾਇਤਾਂ ਤੋਂ ਵਿਰੁਧ ਚੱਲਣ ਦੇ ਕਾਰਨ ਆਪਣਾ ਮਾਣ ਗਵਾ ਬੈਠੇ ਸਨ, ਜਿਸ ਕਰਕੇ ਰਹਿਤ ਨਾਮਿਆਂ ਦੇ ਕਥਨ ਅਨੁਸਾਰ ਇਹ ਪੰਜਾਂ ਦੇ ਮੇਲ ਵਿਚ ਸ਼ਾਮਲ ਸਨ ਤੇ ਇਹਨਾਂ ਪੰਜਾਂ ਦੇ ਮੇਲ ਤੋਂ ਬਚਣ ਲਈ ਸਿਖਾਂ ਨੂੰ ਗੁਰੂ ਜੀ ਦੀ ਸਖ਼ਤ ਹਦਾਇਤ ਸੀ,

ਪਰ ਬਾਬਾ ਸਾਹਿਬ ਸਿੰਘ ਜੀ ਦਾ ਖ਼ਾਨਦਾਨ ਇਹਨਾਂ ਪੰਜਾਂ ਦੇ ਮੇਲ ਤੋਂ ਬਾਹਰ ਹੋਣ ਕਰਕੇ ਹੀ ਸਿੱਖਾਂ ਲਈ ਹਮੇਸ਼ਾਂ ਸ਼ਰਧਾ ਦਾ ਕਾਰਨ ਬਣਿਆ ਰਿਹਾ। ਮੀਣੇ, ਧੀਰਮਲੀਏ ਤੇ ਰਾਮ ਰਾਈਏ ਸੋਢੀ ਭਾਵੇਂ 12 ਮਿਸਲਾਂ ਦੇ ਸਮੇਂ ਸਿਖਾਂ ਦਾ ਰਾਜ-ਭਾਗ ਚਮਕਦਾ ਦੇਖ ਕੇ ਪਿਛਲੇ ਗੁਸੇ ਗਿਲੇ ਭੁਲਾਉਂਦੇ ਹੋਏ ਬਾਕਾਇਦਾ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਸਨ, ਪਰ ਫੇਰ ਵੀ ਅਨੰਦਪੁਰੀਏ ਸੋਢੀਆਂ ਦੀ ਲਗਾਤਾਰ ਜਦੋਜਹਿਦ ਦੇ ਬਾਵਜੂਦ ਉਨ੍ਹਾਂ ਨੂੰ ਬਾਬਾ ਸਾਹਿਬ ਸਿੰਘ ਬੇਦੀ ਦੇ ਮੁਕਾਬਲੇ ਤੇ ਉਹ ਨੁਮਾਇਆਂ ਕਾਮਯਾਬੀ ਹਾਸਲ ਨਾ ਹੋ ਸਕੀ ਜੋ ਕਿ ਬਿਨਾਂ ਜਦੋਜਹਿਦ ਦੇ, ਜੇ ਉਨ੍ਹਾਂ ਦਾ ਪਿੱਤਾ ਸਾਫ਼ ਹੁੰਦਾ ਤਾਂ, ਹੋਣੀ ਚਾਹੀਦੀ ਸੀ। ਇਸੇ ਕਾਰਨ, ਜਿਵੇਂ ਕਿ 12 ਮਿਸਲਾਂ ਦੇ ਸਮੇਂ ਦਾ ਸਿਖ ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ, ਲੋਕੀਂ ਦੋ ਸੱਜਨਾਂ ਦੇ ਹੱਥੋਂ ਅੰਮ੍ਰਿਤ ਛਕਣਾ ਵਧੇਰੇ ਅੱਛਾ ਸਮਝਦੇ ਸਨ। ਉਹ ਦੋ ਸੱਜਨ ਸਨ, (2) ਬਾਬਾ ਸਾਹਿਬ ਸਿੰਘ ਜੀ ਬੇਦੀ ਊਨੇ ਵਾਲੇ ਤੇ (2) ਬਾਬਾ ਜੱਸਾ ਸਿੰਘ ਜੀ ਆਹਲੂਵਾਲੀਏ। ਇਸੇ ਮਾਣ-ਸਤਿਕਾਰ ਵਜੋਂ ਜਦੋਂ ਸਿਖਾਂ ਨੂੰ ਬੜੇ ਲੰਮੇਂ ਸਮੇਂ ਦੀ ਜਦੋਜਹਿਦ ਤੇ ਕੁਰਬਾਨੀਆਂ ਤੋਂ ਬਾਅਦ ਰਾਜ-ਭਾਗ ਪ੍ਰਾਪਤ ਹੋਇਆ ਤਾਂ ਉਸ ਰਾਜ-ਭਾਗ ਵਿਚੋਂ ਦਸਵੰਧ ਕਢ ਕੇ ਬਾਬਾ ਸਾਹਿਬ ਸਿੰਘ ਜੀ ਨੂੰ ਦਿੰਦੇ ਰਹੇ, ਜਿਸ ਕਾਰਨ 'ਊਨਾ' ਛੇਤੀ ਹੀ ਇਕ ਬੜੀ ਅੱਛੀ ਰਿਆਸਤ ਬਣ ਗਈ।

## ਗੁਰਮਤਿ ਦਾ ਪ੍ਰਚਾਰ ਤੇ ਮੁਲਕੀ ਜਿੱਤਾਂ—

ਇਸ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਕੁਝ ਫ਼ੌਜ ਸਮੇਤ ਦਰਿਆ ਸਤਲੁਜ ਲੰਘ ਕੇ ਭਾਈ ਰੂਪੇ, ਸੇਲ, ਵਰਾਹ ਆਦਿ ਪਿੰਡਾਂ ਵਿਚ ਚਕਰ ਲਗਾ ਕੇ ਸਿਖ ਸੰਗਤਾਂ ਨੂੰ ਨਾਮ ਦਾ ਉਪਦੇਸ਼ ਦਿੰਦੇ ਹੋਏ ਭਾਈ ਕੀ ਬਾਗੜੀਆ ਪਹੁੰਚੇ। ਇਸ ਦੌਰੇ ਵਿਚ ਪਹਿਲਾਂ ਆਪ ਨੇ ਭਾਈ ਬਹਿਲੋ ਦੇ ਪੋਤਰਿਆਂ ਨੂੰ ਕ੍ਰਿਤਾਰਥ ਕੀਤਾ, ਜੋ ਕਿ ਪਹਿਲਾਂ ਹੀ ਗੁਰੂ ਘਰ ਨਾਲ ਬੜੀ ਅਗਾਧ ਸ਼ਰਧਾ ਰਖਦੇ ਸਨ। ਫੇਰ ਆਪ ਨੇ ਭਾਈ ਰੂਪ ਚੰਦ ਦੇ ਖ਼ਾਨਦਾਨ ਨੂੰ ਤਾਰਿਆ। ਇਸ ਤੋਂ ਬਾਦ ਆਪ ਸੰਗਤ ਦੀ ਬੇਨਤੀ ਮੰਨ ਕੇ ਪਹਿਲਾਂ ਮਨਸੂਰ ਪਿੰਡ ਤੇ ਫੇਰ ਰਾਇਪੁਰ, ਗੁਜਰਵਾਲ ਚਲੇ ਗਏ ਤੇ ਉਥੋਂ ਦੇ ਲੋਕਾਂ, ਨੂੰ ਜੋ ਪਹਿਲਾਂ ਸੁਲਤਾਨੀਏ ਸਨ, ਸੁਲਤਾਨ ਵਲੋਂ ਹਟਾ ਕੇ ਤੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਇਹਨਾਂ ਪਿੰਡਾਂ ਦੀ ਸੰਗਤ ਨੇ ਇਸ ਕ੍ਰਿਪਾ ਭਾਵ ਬਦਲੇ ਬਾਬਾ ਜੀ ਦਾ ਬਹੁਤ ਸਤਿਕਾਰ ਕੀਤਾ। ਕਾਰਨ ਇਸ ਮਾਣ ਸਤਿਕਾਰ ਦਾ ਬਹੁਤਾ ਇਹੋ ਕਿ ਆਪ ਗੁਰੂ ਨਾਨਕ ਦੇ ਖ਼ਾਨਦਾਨ ਵਿਚੋਂ ਰਹਿਣੀ ਬਹਿਣੀ ਵਿਚ ਪੱਕੇ ਗੁਰਸਿਖ ਸਨ ਜਿਸ ਕਰਕੇ ਲੋਕੀਂ ਆਪ ਤੋਂ ਅੰਮ੍ਰਿਤ ਛਕਣ ਵਿਚ ਬੜਾ ਫ਼ਖ਼ਰ ਸਮਝਦੇ ਸਨ।

ਇਹਨਾਂ ਹੀ ਦਿਨਾਂ ਵਿਚ ਆਪ ਜਦ ਮਾਲਵੇ ਦਾ ਦੌਰਾ ਕਰ ਰਹੇ ਸਨ ਤਾਂ ਆਪ ਦੇ ਕੰਨਾਂ ਵਿਚ ਨਵਾਬ ਮਾਲੇਰ ਕੋਟਲਾ ਦੇ ਰਈਸ ਰਾਇਕੋਟ ਦੀਆਂ ਵਧੀਕੀਆਂ ਦੀ ਸ਼ਿਕਾਇਤ ਪਈ, ਜਿਸ ਕਰਕੇ ਆਪ ਨੇ ਪਹਿਲਾਂ ਮਲੇਰ ਕੋਟਲੇ ਉਤੇ ਹਮਲਾ ਕਰ ਦਿਤਾ। ਇਸ ਹਮਲੇ ਦਾ ਕੁਝ ਕਾਰਨ ਇਹ ਵੀ ਸੀ ਕਿ ਮਲੇਰ ਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਸ੍ਰੀ ਦਸਮੇਸ਼ ਜੀ ਦੇ ਆਨੰਦਪੁਰ ਛੱਡਣ ਸਮੇਂ ਰੋਪੜ ਦੇ ਨੇੜੇ, ਜਦ ਕਿ ਸਿਖਾਂ ਉਤੇ ਮੁਗਲੇਈ ਫ਼ੌਜਾਂ ਨੇ ਹਮਲਾ ਕੀਤਾ ਤਾਂ ਹਥੋ ਹਥੀ ਦੀ ਲੜਾਈ ਵਿਚ ਗੁਰੂ ਸਾਹਿਬ ਦੀ ਇਕ ਟਹਿਲਣ, ਜੋ "ਮਾਈ ਜੀ" ਕਹਿ ਕੇ ਬੁਲਾਈ ਜਾਂਦੀ ਸੀ, ਗੁਰੂ ਸਾਹਿਬ ਦੇ ਮਹਿਲ ਸਮਝ ਕੇ ਫੜ ਲਈ ਤੇ ਉਸ ਮਾਈ ਨੂੰ ਮਾਲੇਰ ਕੋਟਲੇ ਲਿਜਾ ਕੇ ਮੁਸਲਮਾਨ ਬਣਾਉਣ ਦਾ ਜਤਨ ਕੀਤਾ, ਪਰ ਉਹ ਨਾ ਮੰਨੀ, ਜਿਸ ਕਰਕੇ ਤੀਰਾਂ ਨਾਲ ਵਿੰਨ੍ਹ ਵਿੰਨ੍ਹ ਕੇ ਮਾਰੀ ਤੇ ਮਾਲੇਰ ਕੋਟਲੇ ਦੇ ਕਬਰਸਤਾਨ ਵਿਚ ਦਫ਼ਨਾਈ ਗਈ। ਬਾਬਾ ਸਾਹਿਬ ਸਿੰਘ ਨੇ ਨਵਾਬ ਅਤਾਉੱਲਾ ਖ਼ਾਨ ਤੋਂ, ਜੋ ਇਸ ਸਮੇਂ ਮਾਲੇਰ ਕੋਟਲੇ ਦਾ ਨਵਾਬ ਸੀ, ਉਸ ਮਾਈ ਦੀਆਂ ਅਸਥੀਆਂ ਮੰਗੀਆਂ ਤਾਂਕਿ ਉਸ ਦਾ ਬਾਕਾਇਦਾ ਸਿਖ ਰਹਿਤ ਮਰਯਾਦਾ ਦੇ ਅਨੁਸਾਰ ਸਸਕਾਰ ਕੀਤਾ ਜਾ ਸਕੇ, ਤਾਂ ਨਵਾਬ ਇਸ ਗਲੋਂ ਸਾਫ਼ ਇਨਕਾਰੀ ਹੋ ਗਿਆ। ਦੂਜਾ ਕਾਰਨ ਇਹ ਸੀ ਕਿ ਨਵਾਬ ਮਾਲੇਰ ਕੋਟਲਾ ਨੇ ਸੰਨ 1762 ਈ: ਵਿਚ ਵਡੇ ਘਲੂਘਾਰੇ ਸਮੇਂ, ਜੋ ਕੁਪ ਰਹੀੜੇ ਦੇ ਸਥਾਨ ਪੁਰ ਹੋਇਆ, ਅਹਿਮਦ ਸ਼ਾਹ ਦੁਰਾਨੀ

ਨੂੰ ਮਦਦ ਦੇ ਕੇ ਸਿਖਾਂ ਨੂੰ ਮਰਵਾਇਆ ਸੀ। ਆਖ਼ਰ ਬਾਬਾ ਸਾਹਿਬ ਸਿੰਘ ਜੀ ਨੇ ਹੱਲਾ ਕੀਤਾ, ਦੋਹਾਂ ਧਿਰਾਂ ਦੀ ਗਹਿ ਗਚ ਲੜਾਈ ਹੋਣ ਤੇ ਨਵਾਬ ਅਤਾਉੱਲਾ ਖ਼ਾਨ ਸਖਤ ਜ਼ਖਮੀ ਹੋਇਆ ਤੇ ਬਾਬਾ ਸਾਹਿਬ ਦੀ ਫ਼ਤਹਿ ਹੋਈ। ਆਖ਼ਰ ਬੇਗਮ ਮਾਲੇਰ ਕੋਟਲਾ ਦੇ ਅਧੀਨਗੀ ਜ਼ਾਹਿਰ ਕਰਨ ਤੇ ਉਸ ਦਾ ਜਿਤਿਆ ਹੋਇਆ ਇਲਾਕਾ ਉਸ ਨੂੰ ਵਾਪਸ ਕਰ ਦਿਤਾ ਜੋ ਬਾਬਾ ਜੀ ਗੁਰੂ ਦਸਮੇਸ਼ ਦੀ ਉਸ ਟਹਿਲਣ ਦੀਆਂ ਹੱਡੀਆਂ ਕਬਰ ਵਿਚੋਂ ਕਢਵਾ ਕੇ ਤੇ ਉਸ ਦਾ ਸਸਕਾਰ ਕਰ ਕੇ ਵਾਪਸ ਪਰਤ ਗਏ।

ਮਾਲੇਰ ਕੋਟਲੇ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਨੇ ਦੂਜਾ ਹਮਲਾ ਰਾਇਕੋਟ ਦੇ ਮੁਸਲਮਾਨ ਰਈਸ ਰਾਇ ਅਲਿਆਸ ਉਤੇ ਕੀਤਾ ਤੇ ਇਕ ਚੰਗੀ ਲੜਾਈ ਲੜ ਕੇ ਉਸ ਨੂੰ ਆਪਣੇ ਅਧੀਨ ਕਰ ਲਿਆ। ਇਸ ਤਰ੍ਹਾਂ ਰਾਇ ਕੋਟ ਜੋਧਾਂ ਮਨਸੂਰਾਂ, ਜਗਰਾਉਂ ਅਤੇ ਲੁਧਿਆਣੇ ਦੇ ਇਲਾਕੇ ਉਤੇ ਬਾਬਾ ਜੀ ਦਾ ਕਬਜ਼ਾ ਹੋ ਗਿਆ। ਇਹ ਘਟਨਾ ੧੭੯੮ ਈ: ਦੀ ਹੈ। ਕਾਰਨ ਇਸ ਘਟਨਾ ਦਾ ਵੀ ਬਹੁਤਾ ਇਹੋ ਹੈ ਕਿ ਰਈਸ ਰਾਇਕੋਟ ਨੇ ਸੰਨ ੧੭੬੨ ਵਿਚ ਅਹਿਮਦਸ਼ਾਹ ਦੁੱਰਾਨੀ ਨੂੰ ਮਦਦ ਦੇ ਕੇ ਪਿੰਡ ਕੁੱਪ ਰਹੀੜੇ ਦੇ ਘਲੂਘਾਰੇ ਸਮੇਂ ਸਿੱਖਾਂ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ ਸੀ। ਸੰਨ ੧੭੬੨ ਤੋਂ ਬਾਅਦ ਸਿੱਖਾਂ ਦੀਆਂ ੧੨ ਮਿਸਲਾਂ ਦਾ ਜ਼ੋਰ ਵਧਣ ਤੇ ਭਾਵੇਂ ਨਵਾਬ ਮਾਲੇਰ ਕੋਟਲਾ ਨੇ ਸ੍ਰੀ ਦਸ਼ਮੇਸ਼ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਸਾਕੇ ਸਮੇਂ ਬਚਾਉਣ ਦੀ ਦੁਹਾਈ ਦੇ ਕੇ ਅਤੇ ਰਈਸ ਰਾਇਕੋਟ ਨੇ ਗੁਰੂ ਦਸਮੇਸ਼ ਦੀਆਂ ਦੋ ਪਵਿਤ੍ਰ ਚੀਜ਼ਾਂ-ਇਕ ਤਲਵਾਰ ਤੇ ਇਕ ਗੰਗਾਸਾਗਰ ਉਹਨਾਂ ਵਲੋਂ ਆਪਣੇ ਖ਼ਾਨਦਾਨ ਨੂੰ ਬਖ਼ਸ਼ਿਸ਼ ਹੋਈ ਦੱਸ ਕੇ ਸਿੱਖਾਂ ਦੀ ਮਾਰ ਤੋਂ ਬਚਣ ਦਾ ਜਤਨ ਕੀਤਾ, ਪਰ ਇਹ ਸਭ ਫਰਜ਼ੀ ਗੱਲਾਂ ਸਨ ਜਿਨ੍ਹਾਂ ਦਾ ਬਾਬਾ ਸਾਹਿਬ ਸਿੰਘ ਜੀ ਬੇਦੀ ਦੇ ਦਿਲ ਉਤੇ, ਜੋ ਅਸਲ ਹਕੀਕਤ ਨੂੰ ਚੰਗੀ ਤਰ੍ਹਾਂ ਸਮਝਦੇ ਸਨ, ਕੋਈ ਅਸਰ ਨਾ ਹੋਇਆ ਤੇ ਉਹਨਾਂ ਨੇ ਇਹਨਾਂ ਸਰਕੱਸ਼ ਰਈਸਾਂ ਨੂੰ ਦੰਡ ਦੇ ਕੇ ਹੀ ਛੱਡਿਆ।

## ਸਿੱਖ ਰਾਜ ਨਾਲ ਸੰਬੰਧ

ਸਿੱਖਾਂ ਦੀਆਂ ੧੨ ਮਿਸਲਾਂ ਭਾਵੇਂ ਪਾਨੀਪਤ ਕਰਨਾਲ ਤੋਂ ਲੈ ਕੇ ਦਰਿਆ ਅਟਕ ਤਕ ਫੈਲੀਆਂ ਹੋਈਆਂ ਸਨ, ਪਰ ਫੇਰ ਛੇਤੀ ਹੀ ਇਹ ਮਿਸਲਾਂ ਆਪਸ ਦੀ ਦੁਫੇੜ ਦੇ ਕਾਰਣ ਦੋ ਹਿੱਸਿਆਂ ਵਿਚ ਵੰਡੀਜ ਗਈਆਂ। (੧) ਸਤਲੁਜੋਂ ਪਾਰ ਦੀਆਂ ਸਿੱਖ ਮਿਸਲਾਂ ਜਿਨ੍ਹਾਂ ਵਿਚ ਮਿਸਲ ਭੰਗੀਆਂ, ਮਿਸਲ ਰਾਮਗੜ੍ਹੀਆਂ, ਮਿਸਲ ਕਨ੍ਹੇਈਆਂ, ਮਿਸਲ ਸਿੰਘ ਪੁਰੀਆਂ, ਮਿਸਲ ਨਕੱਈਆਂ ਤੇ ਮਿਸਲ ਸੁਕਰਚਕੀਆਂ ਸ਼ਾਮਲ ਸਨ ਤੇ (੨) ਸਤਲੁਜੋਂ ਉਰਾਰ ਦੀਆਂ ਸਿੱਖ ਮਿਸਲਾਂ, ਜਿਨ੍ਹਾਂ ਵਿਚ ਮਿਸਲ ਕਰੋੜੀਆਂ ਤੇ ਮਿਸਲ ਫੂਲਕੀਆਂ ਸ਼ਾਮਲ ਸਨ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ, ਜੋ ਸ਼ੁਕਰ ਚੱਕੀਆ ਮਿਸਲ ਦੇ ਮੋਢੀ ਸਰਦਾਰ ਮਹਾਂ ਸਿੰਘ ਦਾ ਪੁਤਰ ਸੀ, ਸੰਨ ੧੭੯੪ ਤੋਂ ਲੈ ਕੇ ਸੰਨ ੧੮੦੬ ਈ: ਤਕ ਲਗ ਪਗ ੧੨ ਕੁ ਵਰ੍ਹਿਆਂ ਦੇ ਸਮੇਂ ਵਿਚ ਹੀ ਸਤਲੁਜੋਂ ਪਾਰ ਦੀਆਂ ਲਗ ਪਗ ਸਾਰੀਆਂ ਹੀ ਮਿਸਲਾ ਨੂੰ ਖਤਮ ਕਰ ਕੇ ਇਕ ਬੜੇ ਪੱਕੇ ਤੇ ਮਜ਼ਬੂਤ ਸਿੱਖ ਰਾਜ ਦੀ ਨੀਂਹ ਰਖ ਦਿਤੀ। ਜਿਸ ਕਰ ਕੇ ਹਿਠਾੜ ਸਤਲੁਜ ਦੀਆਂ ਸਿੱਖ ਮਿਸਲਾਂ ਦੇ ਰਈਸਾਂ ਨੂੰ ਫ਼ਿਕਰ ਪਿਆ ਤੇ ਉਹਨਾਂ ਨੇ ਰਣਜੀਤ ਸਿੰਘ ਦੀ ਮਾਰ ਤੋਂ ਬਚਣ ਲਈ ਸਰਕਾਰ ਅੰਗ੍ਰੇਜ਼ੀ ਦੀ ਸ਼ਰਨ ਤਕਾਈ ਜੋ ਉਸ ਸਮੇਂ ਮੁਗਲਾਂ ਦੀ ਰਾਜਧਾਨੀ ਦਿੱਲੀ ਉਤੇ ਕਬਜ਼ਾ ਜਮਾ ਰਹੀ ਸੀ। ਬਾਬਾ ਸਾਹਿਬ ਸਿੰਘ ਜੀ ਬੇਦੀ ਨੇ, ਜੋ ਇਸ ਸਾਜ਼ ਬਾਜ਼ ਤੋਂ ਅਨਜਾਣ ਨਹੀਂ ਸਨ ਤੇ ਹਿਠਾੜ ਸਤਲੁਜ ਦੇ ਸਿਖ ਰਈਸਾਂ ਵਿਚ ਬੜਾ ਰਸੂਖ ਵੀ ਰਖਦੇ ਸਨ, ਸਿੱਖਾਂ ਨੂੰ ਇਸ ਗ਼ਲਤੀ ਤੋਂ ਰੋਕਣ ਦਾ ਭਰਪੂਰ ਜਤਨ ਕੀਤਾ ਤੇ ਲਖਨੌਰ ਪਹੁੰਚ ਕੇ ਸੁਲਹ ਵੀ ਕਰਵਾਈ ਪਰ ਤੀਰ ਇਕ ਵੇਰ ਚੂੰਕਿ ਕਮਾਨ ਚੋਂ ਚੱਲ ਚੁਕਿਆ ਸੀ, ਇਸ ਲਈ ਸਰਕਾਰ ਅੰਗੇਜ਼ੀ ਦੀ ਰੱਖਿਆ ਨੂੰ ਆਪਣੇ ਘਰ ਦੀ ਰੱਖਿਆ ਨਾਲੋਂ ਮੁਫ਼ੀਦ ਸਮਝ ਕੇ ਸਿੱਖ ਰਈਸ ਇਸ ਬੀਮਾਰੀ ਤੋਂ ਕਿਸੇ ਤਰ੍ਹਾਂ ਵੀ ਬਚਾਏ ਨ ਜਾ ਸਕੇ, ਜਿਸ ਕਰ ਕੇ ਸੰਨ ੧੮੦੯ ਵਿਚ ਹੋਈ ਮਹਾਰਾਜਾ ਰਣਜੀਤ ਸਿੰਘ ਤੇ ਸਰਕਾਰ ਅੰਗੇਜ਼ੀ ਦੀ ਮਿਤਰਾ-ਚਾਰੀ ਦੀ ਸੰਧੀ ਦੇ ਮੁਤਾਬਿਕ ਲੁਧਿਆਣੇ ਅੰਗ੍ਰੇਜ਼ਾਂ ਦਾ ਅੱਡਾ ਜੰਮ ਗਿਆ ਤੇ ਫੇਰ ਛੇਤੀ ਹੀ ਇਕ ਸਿੱਖ ਰਈਸ ਦੇ ਮਰਨ ਤੇ ਉਹਨਾਂ ਨੇ

ਫ਼ੀਰੋਜ਼ਪੁਰ ਉਤੇ ਵੀ ਕਬਜ਼ਾ ਜਮਾ ਲਿਆ । ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਬਾਬਾ ਸਾਹਿਬ ਸਿੰਘ ਜੀ ਬੇਦੀ ਨਾਲ ਦਿੱਲੀ ਅਕੀਦਤ ਰਖਦੇ ਸਨ, ਇਸ ਲਈ ਉਹਨਾਂ ਨੇ ਸਰਦਾਰ ਜੋਧ ਸਿੰਘ ਵਜ਼ੀਰਾਬਾਦੀ ਵਲੋਂ ਹੋਏ ਹਮਲੇ ਸਮੇਂ ਮਦਦ ਲੈਣ ਤੇ, ਬਾਬਾ ਸਾਹਿਬ ਹੋਰਾਂ ਨੂੰ ਜੰਮੂ ਦੇ ਨੇੜੇ ਚਪੜਾਲ ਦਾ ਇਲਾਕਾ ਸ਼ੁਕਰਾਨੇ ਤੇ ਨਜ਼ਰਾਨੇ ਵਜੋਂ ਭੇਟਾ ਕੀਤਾ । ਇਸੇ ਤਰ੍ਹਾਂ ਸੰਨ ੧੭੯੯ ਈ: ਵਿਚ ਲਾਹੌਰ ਉਤੇ ਕਬਜ਼ਾ ਹੋਣ ਤੇ ਜਦ ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਨੇ ਮਹਾਰਾਜਗੀ ਦੀ ਪਦਵੀ ਧਾਰਣ ਕੀਤੀ ਤਾਂ ਉਹਨਾਂ ਨੂੰ ਰਾਜ ਤਿਲਕ ਦੇਣ ਵਾਲੇ ਬਾਬਾ ਸਾਹਿਬ ਜੀ ਹੀ ਸਨ ਜਿਨ੍ਹਾਂ ਨੇ ਰਾਮ ਨਗਰ ਦੇ ਸਥਾਨ ਪੁਰ ਮਹਾਰਾਜੇ ਨੂੰ ਬੜੇ ਮਾਣ ਨਾਲ ਕਿਹਾ ਸੀ, "ਮੈਂ ਸਾਰੇ ਗਹਿਣੇ ਭੰਨ ਕੇ ਇਕ ਹੰਸ ਘੜਾਇਆ" ਅਰਥਾਤ ਸਾਰੀਆਂ ਸਿਖ ਮਿਸਲਾਂ ਦੀ ਥਾਵੇਂ ਇਕੋ ਇਕ ਸਿਖ ਰਾਜ ਦੇ ਮੋਢੀ ਮਹਾਰਾਜਾ ਰਣਜੀਤ ਸਿੰਘ ਨੂੰ ਹੀ ਪ੍ਰਵਾਨ ਕੀਤਾ ਹੈ ।

ਇਸ ਰਾਜ ਤਿਲਕ ਦੀ ਰਸਮ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ ਗੁੱਜਰਾਂਵਾਲਾ, ਵਜ਼ੀਰਾਬਾਦ ਆਦਿ ਥਾਵੀਂ ਹੁੰਦੇ ਹੋਏ ਰਾਵਲਪਿੰਡੀ ਦੇ ਇਲਾਕੇ ਕਲਰ ਤੇ ਸੁਖੋ ਵਾਲ ਚਲੇ ਗਏ ਜਿੱਥੇ ਕੁਝ ਚਿਰ ਨਿਵਾਸ ਕਰਕੇ ਉਹਨਾਂ ਬ੍ਰਹਮ ਗਿਆਨੀ ਬਾਬਾ ਬੀਰ ਸਿੰਘ, ਭਾਗ ਸਿੰਘ ਆਦਿ ਨੂੰ ਨਾਮ ਦਾ ਉਪਦੇਸ਼ ਦਿੱਤਾ ਤੇ ਉਸ ਇਲਾਕੇ ਵਿਚ ਸਿੱਖ ਧਰਮ ਦੇ ਪ੍ਰਚਾਰ ਦਾ ਅਜਿਹਾ ਕੇਂਦਰ ਕਾਇਮ ਕੀਤਾ, ਜਿਸ ਕਰਕੇ ਉਹ ਇਲਾਕਾ ਹਮੇਸ਼ਾ ਲਈ ਗੁਰਸਿੱਖੀ ਦੀ ਰੰਗਣ ਵਿਚ ਰੰਗਿਆ ਗਿਆ ।

ਮਹਾਰਾਜਾ ਰਣਜੀਤ ਸਿੰਘ ਨੇ ਇਸ ਤੋਂ ਬਾਅਦ ਬਾਬਾ ਸਾਹਿਬ ਸਿੰਘ ਨੂੰ ਹੁਜਰੇ ਦਾ ਇਲਾਕਾ, ਜੋ ਤਹਿਸੀਲ ਦੀਪਾਲਪੁਰ ਵਿਚ ਹੈ, ਭੇਟਾ ਵਜੋਂ ਦਿੱਤਾ । ਇਸ ਇਲਾਕੇ ਦੇ ਸੱਯਦ, ਜੋ ਮਿੰਟਗੁਮਰੀ ਤੋਂ ਲੈ ਕੇ ਬਹਾਵਲਪੁਰ ਤਕ ਆਪਣਾ ਅਸਰ ਰਸੂਖ ਰਖਦੇ ਸਨ, ਬਾਬਾ ਜੀ ਦੇ ਵਿਰੁੱਧ ਉੱਠ ਖੜੇ ਹੋਏ ਤੇ ਉਹਨਾਂ ਨੇ ਆਪਣੀ ਮੁਰੀਦ ਇਕ ਕੰਜਰੀ ਨਾਲ ਸਾਜ਼ ਬਾਜ਼ ਕਰਕੇ, ਜੋ ਰਾਜਾ ਨਿਹਾਲ ਸਿੰਘ ਕਪੂਰਥਲੇ ਵਾਲੇ ਦੀ ਨਾਚੀ ਸੀ, ਕੁਝ ਹੁੱਲੜ ਮਚਾਇਆ, ਪਰ ਮੌਕੇ ਸਿਰ ਪਤਾ ਲੱਗਣ ਤੇ ਬਾਬਾ ਸਾਹਿਬ ਜੀ ਨੇ ਉਸ ਦੀ ਸ਼ੋਰਸ਼ ਇਕਦੰਮ ਦਬਾ ਦਿੱਤੀ ਤੇ ਦੋਸ਼ੀਆਂ ਨੂੰ ਉਚਿਤ ਦੰਡ ਦਿੱਤਾ ਗਿਆ । ਸੱਯਦ ਕੁਰਬਾਨ ਅਲੀ ਸ਼ਾਹ, ਜੋ ਇਸ ਸ਼ੋਰਸ਼ ਦਾ ਮੋਢੀ ਸੀ, ਅਚਾਨਕ ਕੈਦ ਹੋਣ ਦੇ ਡਰ ਤੋਂ ਨਸਦਾ ਹੋਇਆ ਮਾਰਿਆ ਗਿਆ ।

ਨਾ ਕੇਵਲ ਮਹਾਰਾਜਾ ਰਣਜੀਤ ਸਿੰਘ ਨੇ ਹੀ, ਸਗੋਂ ਉਸ ਦੀ ਸੱਸ ਰਾਣੀ ਸਦਾ ਕੌਰ ਨੇ ਵੀ ਇਸ ਸਮੇਂ ਕੁਝ ਇਲਾਕਾ ਬਾਬਾ ਸਾਹਿਬ ਸਿੰਘ ਜੀ ਨੂੰ ਭੇਟਾ ਦੇ ਤੌਰ ਤੇ ਦਿੱਤਾ । ਭਾਵੇਂ ਉਸ ਸਮੇਂ ਬਾਬਾ ਬੇਦੀ ਸਾਹਿਬ ਦੇ ਮੁਕਾਬਲੇ ਤੇ, ਜਿਵੇਂ ਕਿ ਪਿਛੇ ਦਸਿਆ ਗਿਆ ਹੈ, ਬਹੁਤ ਸਾਰੇ ਸੋਢੀ ਸਾਹਿਬਜ਼ਾਦੇ ਵੀ ਮੌਜੂਦ ਸਨ, ਜਿਹਨਾਂ ਵਿਚੋਂ ਕਰਤਾਰਪੁਰੀਏ ਆਨੰਦਪੁਰੀਏ ਸੋਢੀ ਤਾਂ ਮਹਾਰਾਜੇ ਦੇ ਬਹੁਤ ਨੇੜੇ ਨੇੜੇ ਹੋ ਕੇ ਰਹਿੰਦੇ ਸਨ, ਪਰ ਉਹਨਾਂ ਦੀ ਪੁੱਛ ਉਹਨਾਂ ਦੇ ਦਰਬਾਰ ਵਿਚ ਏਨੀ ਨਹੀਂ ਸੀ । ਕਰਤਾਰਪੁਰੀਏ ਸੋਢੀ ਬਾਬਾ ਸਾਧੂ ਸਿੰਘ ਹੋਰੀਂ ਤਾਂ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਉਹ ਬੀੜ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਵਾਈ ਤੇ ਭਾਈ ਗੁਰਦਾਸ ਜੀ ਨੇ ਉਹਨਾਂ ਦੇ ਹੁਕਮ ਮੁਜਬ ਲਿਖੀ ਸੀ, ਮਹਾਰਾਜੇ ਪਾਸ ਲਾਹੌਰ ਹੀ ਭੇਜ ਚੁਕੇ ਸਨ ਤੇ ਉਹ ਬੀੜ ਭਾਈ ਬੰਨੋ ਜੀ ਦੀ ਖਾਰੀ ਬੀੜ ਸਮੇਤ ਕਿਲਾ ਲਾਹੌਰ ਦੇ ਮੋਤੀ ਮੰਦਿਰ ਵਿਚ, ਜਿਸ ਨੂੰ ਮੋਤੀ ਮਸਜਿਦ ਵੀ ਕਹਿੰਦੇ ਸਨ ਜਾਂ ਰਾਜ ਮਹਿਲਾਂ ਦੇ ਗੁਰਦੁਆਰੇ ਵਿਚ ਸਥਾਪਿਤ ਕੀਤੀਆਂ ਹੋਈਆਂ ਸਨ । ਇਹਨਾਂ ਪਵਿਤਰ ਬੀੜਾਂ ਦੇ ਗਰੰਥੀ ਵੀ ਸੋਢੀ ਸਾਹਿਬ ਆਪ ਹੀ ਸਨ, ਪਰ ਫੇਰ ਵੀ ਰਾਜ ਦਰਬਾਰ ਦੇ ਸਾਰੇ ਧਾਰਮਿਕ ਵਿਧੀ-ਵਿਧਾਨ ਅਥਵਾ ਕਾਰਜ ਬਾਬਾ ਸਾਹਿਬ ਸਿੰਘ ਜੀ ਬੇਦੀ ਦੀ ਅਗਵਾਈ ਵਿਚ ਹੀ ਸੰਪੰਨ ਹੁੰਦੇ ਸਨ ।

ਇਹ ਸੰਬੰਧ ਨਾ ਕੇਵਲ ਮਹਾਰਾਜਾ ਰਣਜੀਤ ਸਿਘ ਤੇ ਬਾਬਾ ਸਾਹਿਬ ਸਿੰਘ ਜੀ ਦੇ ਜੀਵਨ-ਕਾਲ ਤਕ ਹੀ ਦਰਬਾਰ

ਲਾਹੌਰ ਨਾਲ ਉਹਨਾਂ ਦਾ ਸਬੰਧ ਰਿਹਾ, ਸਗੋਂ ਮਹਾਰਾਜੇ ਤੋਂ ਪਿਛੋਂ ਬਾਬਾ ਜੀ ਦੇ ਸੁਪੁਤਰ ਬਾਬਾ ਬਿਕ੍ਰਮ ਸਿੰਘ ਬੇਦੀ ਵੀ ਸਾਰੇ ਕੰਮ ਬੜੀ ਦਿਲੀ ਭਾਵਨਾ ਤੇ ਦਿਆਨਤਦਾਰੀ ਨਾਲ ਭੁਗਤਾਉਂਦੇ ਰਹੇ।

## ਹੋਰ ਰੁਝਵੇਂ, ਯਾਤਰਾ ਤੇ ਮੇਲ-ਮਿਲਾਪ

ਬਾਬਾ ਸਾਹਿਬ ਸਿੰਘ ਜੀ ਬੇਦੀ ਨਾ-ਕੇਵਲ ਰਾਜਸੀ ਆਗੂਆਂ ਨਾਲ ਹੀ ਮੇਲ-ਜੋਲ ਰਖਦੇ ਰਹੇ, ਸਗੋਂ ਅਨੇਕ ਸਾਧੂ, ਮਹਾਤਮਾ, ਭਜਨੀਕ ਪੁਰਸ਼, ਭਗਤੀ ਭਾਵ ਰੱਖਣ ਵਾਲੇ ਸੱਜਨ, ਵਿਦਵਾਨ, ਕਵੀ ਤੇ ਲਿਖਾਰੀ ਵੀ ਉਹਨਾਂ ਦੇ ਸਤਿਸੰਗ ਦਾ ਲਾਭ ਉਠਾਉਂਦੇ ਰਹੇ ਸਨ। ਸਾਧੂ-ਸੰਤਾਂ ਵਿਚੋਂ ਭਾਈ ਦੁਖਭੰਜਨ ਜੀ, ਭਾਈ ਵਸਤੀ ਰਾਮ, ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀ, ਭਾਈ ਭਾਗ ਸਿੰਘ, ਬਾਬਾ ਜਸਵੰਤ ਸਿੰਘ ਪ੍ਰਸਿਧ ਨਾਮ ਬਾਬਾ ਖ਼ੁਦਾ ਸਿੰਘ ਲਾਹੌਰ ਵਾਲੇ ਤੇ ਕਵੀਆਂ-ਵਿਦਵਾਨਾਂ ਵਿਚੋਂ ਗੁਰੂ ਪ੍ਰਤਾਪ ਸੂਰਜ ਤੇ ਨਾਨਕ ਪ੍ਰਕਾਸ਼ ਦੇ ਲੇਖਕ ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਤੇ ਗੁਰੂ ਜਸ ਹੁਲਾਸ ਦੇ ਲੇਖਕ ਕਵੀ ਲਾਲ ਦਾਸ ਉਹਨਾਂ ਦੇ ਖ਼ਾਸ ਸਨੇਹੀਆਂ ਵਿਚੋਂ ਸਨ ਜੋ ਉਹਨਾਂ ਨੂੰ ਮਿਲਦੇ ਰਹਿੰਦੇ ਸਨ। ਇਸੇ ਤਰ੍ਹਾਂ ਸਿਖ ਸਰਦਾਰਾਂ ਵਿਚੋਂ ਸਰਦਾਰ ਹਰੀ ਸਿੰਘ ਨਲਵਾ, ਸ. ਅਮੀਰ ਸਿੰਘ ਸੰਧਾਵਾਲੀਆ, ਸ. ਫ਼ਤੇ ਸਿੰਘ, ਬੁੱਧ ਸਿੰਘ ਸਿੰਘ-ਪੁਰੀਆ, ਅਕਾਲੀ ਫੂਲਾ ਸਿੰਘ ਜੀ ਆਦਿ ਉਹਨਾਂ ਦੇ ਪਰਮ ਸਨੇਹੀ ਸਨ। ਇਹਨਾਂ ਤੋਂ ਬਿਨਾਂ ਸੋਢ ਸਾਹਿਬਜ਼ਾਦਿਆਂ ਨਾਲ ਵੀ ਬਾਬਾ ਜੀ ਦਾ ਬਹੁਤ ਦਿਲੀ ਸਨੇਹ ਸੀ।

ਸ੍ਰੀ ਨਨਕਾਣਾ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਕਰਤਾਰਪੁਰ, ਡੇਰਾ ਬਾਬਾ ਨਾਨਕ, ਸ੍ ਆਨੰਦਪੁਰ ਆਦਿ ਪ੍ਰਸਿੱਧ ਗੁਰਧਾਮਾਂ ਦੀ ਯਾਤ੍ਰਾ ਬਾਬਾ ਜੀ ਨੇ ਇਕ ਵਾਰ ਨਹੀਂ, ਸਗੋਂ ਅਨੇਕ ਵਾਰ ਕੀਤੀ, ਜਿ ਤੋਂ ਉਹਨਾਂ ਦੇ ਦਿਲੀ ਸ਼ਰਧਾ ਭਾਵ ਦਾ ਪਤਾ ਲਗਦਾ ਹੈ। ਆਪਣੀ ਜ਼ਿੰਦਗੀ ਦੇ ਦੌਰਾਨ ਵਿਚ ਭਾਵੇਂ ਉਹਨਾਂ ਕੁਝ ਮੁਲਕੀ ਜਿੱਤਾਂ ਵੀ ਕੀਤੀਆਂ, ਜਿਵੇਂ ਕਿ ਉਹਨਾਂ ਦੇ ਜੀਵਨ ਤੋਂ ਕੁਝ ਹਵਾਲੇ ਮਿਲਦੇ ਹਨ, ਪਰ, ਇਸ ਤਰ੍ ਇਕ ਜੰਗੀ ਜੋਧੇ ਹੋਣ ਦੇ ਬਾਵਜੂਦ ਵੀ ਆਪ ਇਕ ਸੰਤ ਸਿਪਾਹੀ ਅਥਵਾ ਧਾਰਮਿਕ ਪਹਿਰੇਦਾਰ ਸਨ, ਜਿਸ ਕਰ ਆਪ ਦਾ ਬਹੁਤਾ ਸਮਾਂ ਸਿੱਖ ਧਰਮ ਦਾ ਪ੍ਰਚਾਰ ਕਰਦਿਆਂ ਹੀ ਗੁਜ਼ਰਿਆ। ਸੰਮਤ ੧੮੯੧ ਬਿ: ਮੁਤਾਬਿਕ ਸੰ ੧੮੩੪ ਈ: ਵਿਚ, ਜਦੋਂ ਸਿੱਖ ਰਾਜ ਪੰਜਾਬ ਦੇ ਨਿਰਮਲ ਆਕਾਸ਼ ਉਤੇ ਸੂਰਜ ਦੀ ਤਰ੍ਹਾਂ ਬੜੀ ਤੇਜ਼ੀ ਨਾਲ ਡਲ੍ਹਕ ਾਰ ਰਿਹਾ ਸੀ ਤਾਂ ਸ੍ਰੀ ਬਾਬਾ ਸਾਹਿਬ ਸਿੰਘ ਜੀ ਦਾ ਦੇਹਾਂਤ ਊਨੇ ਦੇ ਸਥਾਨ ਪਰ ਹੋਇਆ, ਜਿੱਥੇ ਕਿ ਇਹਨਾਂ ਸਮਾਧ ਬਣੀ ਹੋਈ ਹੈ।

## ਪਰਿਵਾਰ ਤੇ ਸੰਤਾਨ

ਬਾਬਾ ਸਾਹਿਬ ਸਿੰਘ ਜੀ ਦੇ ਤਿੰਨ ਪੁਤਰ ਸਨ, ਬਾਬਾ ਬਿਸ਼ਨ ਸਿੰਘ, ਤੇਗ ਸਿੰਘ ਤੇ ਬਿਕ੍ਰਮ ਸਿੰਘ। ਬਾ ਤੇਗ ਸਿੰਘ ਜੀ ਤਾਂ ਇਹਨਾਂ ਦੇ ਜੀਵਨ ਕਾਲ ਵਿਚ ਹੀ ਚੜ੍ਹਾਈ ਕਰ ਗਏ ਸਨ। ਉਹਨਾਂ ਤੋਂ ਪਿਛੋਂ ਵੱਡੇ ਸਾਹਿਬਜ਼ ਬਾਬਾ ਬਿਸ਼ਨ ਸਿੰਘ ਜੀ ਦਾ ਸੁਰਗਵਾਸ ਸੰਨ ੧੮੩੯ ਵਿਚ ਹੋ ਗਿਆ। ਫੇਰ ਪਿੱਛੇ ਰਹੇ ਬਾਬਾ ਬਿਕ੍ਰਮ ਸਿੰਘ ਜੀ, ਜੋ ਸਿੱਖ ਰਾਜ ਦੇ ਹਮੇਸ਼ਾਂ ਪੂਰੇ ਪੂਰੇ ਵਫ਼ਾਦਾਰ ਰਹੇ ਤੇ ਉਹਨਾਂ ਨੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇਹ ਅੰਤਮ ਸਵਾਸਾਂ ਤਕ ਨਿਭਾਇਆ। ਮਹਾਰਾਜਾ ਖੜਗ ਸਿੰਘ, ਕੌਰ ਨੌ ਨਿਹਾਲ ਸਿੰਘ, ਮਹਾਰਾਜਾ ਦਲੀਪ ਸਿੰ ਸਮੇਂ ਤਕ ਅੰਗਰੇਜ਼ਾਂ ਤੇ ਸਿੱਖਾਂ ਦੀ ਪਹਿਲੀ ਤੇ ਦੂਜੀ ਲੜਾਈ ਦੇ ਸਮੇਂ ਸੰਨ ੧੮੪੫-੪੬ ਤੇ ਸੰਨ ੧੮੪੮-੪ ਵਿਚ ਹਮੇਸ਼ਾਂ ਬੜੀ ਮਰਦਾਨਗੀ ਨਾਲ ਸਿੱਖਾਂ ਦਾ ਸਾਥ ਦਿੰਦੇ ਰਹੇ। ਸਿੱਖਾਂ ਦੀ ਦੂਜੀ ਲੜਾਈ ਦੇ ਸਮੇਂ ਜੋ ਸੰ ੧੮੪੮-੪੯ ਵਿਚ ਰਾਮ ਨਗਰ, ਚੇਲੀਆਂ ਵਾਲਾ ਤੇ ਗੁਜਰਾਤ ਦੇ ਸਥਾਨ ਪਰ ਹੋਈ, ਬਾਬਾ ਬਿਕ੍ਰਮ ਸਿੰਘ ਜੀ ਬੇ ਦੇਸ਼-ਕੌਮ ਦੀ ਆਜ਼ਾਦੀ ਲਈ ਸਿਰ ਧੜ ਦੀ ਬਾਜ਼ੀ ਲਗਾ ਦਿੱਤੀ ਤੇ ਲੜਾਈ ਵਿਚ ਅਗੇ ਵਧ ਵਧ ਕੇ ਤੇ ਰੀਆਂ। ਪਰ ਆਖ਼ਰ ਗੁਜਰਾਤ ਦੀ ਜੰਗ ਤੋਂ ਬਾਅਦ ਜਦ ਸਿੱਖਾਂ ਨੇ ਆਪਸ ਦੀ ਫੁੱਟ ਦੇ ਕਾਰਨ ਰਾਵਲਪਿੰਡੀ

ਨੇੜੇ ਮਾਣਕਿਆਲੇ ਦੇ ਸਥਾਨ ਪਰ ਦੁਸ਼ਮਨ ਦੇ ਅੱਗੇ ਹਥਿਆਰ ਸੁੱਟਣੇ ਸ਼ੁਰੂ ਕੀਤੇ ਤਾਂ ਉਹਨਾਂ ਵਿਚੋਂ ਕੇਵਲ ਤਿੰਨ ਜੋਧੇ ਅਜਿਹੇ ਸਨ ਜਿਹਨਾਂ ਨੇ ਹਥਿਆਰ ਨਾ ਸੁੱਟੇ। ਉਹ ਜੋਧੇ ਇਹ ਸਨ :—

(੧) ਭਾਈ ਮਹਾਰਾਜ ਸਿੰਘ ਜੀ ਨੌਰੰਗਾਬਾਦੀਏ ਅਥਵਾ ਅੰਮ੍ਰਿਤਸਰ ਵਾਲੇ, ਜੋ ਪਿੰਡ ਰੱਬੋਂ, ਮੁਤਸਿਲ ਮਲੌਦ ਜ਼ਿਲਾ ਲੁਧਿਆਣਾ ਦੇ ਵਸਨੀਕ ਸਨ।

(੨) ਕਰਨਲ ਰਛਪਾਲ ਸਿੰਘ ਜੀ।

(੩) ਬਾਬਾ ਬਿਕ੍ਰਮ ਸਿੰਘ ਜੀ ਬੇਦੀ ਊਨੇ ਵਾਲੇ।

ਉਪਰੋਕਤ ਤਿੰਨਾਂ ਆਗੂਆਂ ਦੀ ਸਲਾਹ ਉਸ ਸਮੇਂ ਅਮੀਰ ਕਾਬਲ ਨਾਲ ਮਿਲ ਕੇ, ਜੋ ਉਸ ਸਮੇਂ ਸਿੱਖ ਰਾਜ ਦਾ ਪੂਰਾ ਪੂਰਾ ਵਫ਼ਾਦਾਰ ਤੇ ਅੰਗਰੇਜ਼ੀ ਰਾਜ ਦਾ ਵਿਰੋਧੀ ਸੀ, ਦਰਿਆ ਅਟਕ ਕੰਢੇ ਤੀਜਾ "ਸਿੱਖ ਅੰਗਰੇਜ਼ ਜੁੱਧ" ਰਚਾ ਕੇ ਅੰਗਰੇਜ਼ਾਂ ਨੂੰ ਪੂਰੀ ਪੂਰੀ ਸ਼ਿਕੱਸਤ ਦੇਣ ਦੀ ਸੀ, ਪਰ ਉਹਨਾਂ ਦੀ ਇਹ ਸੱਧਰ ਥੋੜ-ਦਿਲੇ ਸਰਦਾਰਾਂ ਨੇ, ਜੋ ਆਪਸ ਵਿਚ ਫਟੇ ਹੋਏ ਸਨ, ਪੂਰੀ ਨਾ ਹੋਣ ਦਿਤੀ ਤੇ ਦੁਸ਼ਮਨ ਦੇ ਸਾਹਮਣੇ ਪਹਿਲੇ ਹੀ ਹਥਿਆਰ ਸੁੱਟ ਦਿੱਤੇ। ਇਸੇ ਕਾਰਣ ਬਾਬਾ ਬਿਕ੍ਰਮ ਸਿੰਘ ਜੀ ਨਿਰਾਸ਼ ਹੋ ਕੇ ਪਹਿਲਾਂ ਤਾਂ ਮਹਾਰਾਜ ਸਿੰਘ ਹੋਰਾਂ ਦੇ ਨਾਲ ਹੀ ਕਸ਼ਮੀਰ ਦੇ ਇਲਾਕੇ ਵਿਚ ਰੂਪੋਸ਼ ਹੋ ਕੇ ਇਧਰ ਉਧਰ ਫਿਰਦੇ ਰਹੇ ਤੇ ਫੇਰ ਗ੍ਰਿਫ਼ਤਾਰ ਹੋਣ ਤੇ ਲਗ ਭਗ ੧੩-੧੪ ਸਾਲ ਨਜ਼ਰਬੰਦ ਰਹੇ। ਇਸ ਦੌਰਾਨ ਵਿਚ ਉਹਨਾਂ ਦੀ ਰਿਆਸਤ ਊਨਾ; ਜੋ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਬੜੇ ਜਤਨਾਂ ਨਾਲ ਬਣਾਈ ਸੀ, ਬੁਰੀ ਤਰ੍ਹਾਂ ਤਬਾਹ ਤੇ ਬਰਬਾਦ ਕੀਤੀ ਗਈ। ਤੋਪਾਂ ਬੀੜ ਕੇ ਉਹਨਾਂ ਦੇ ਕਿਲ੍ਹੇ ਢਾਹੇ ਗਏ ਤੇ ਰਾਜ ਭਾਗ ਦੀਆਂ ਸਾਰੀਆਂ ਨਿਸ਼ਾਨੀਆਂ ਮਿਟਾਈਆਂ ਗਈਆਂ, ਪਰ ਫੇਰ ਵੀ ਬਾਬਾ ਜੀ ਨੇ ਅੰਗਰੇਜ਼ੀ ਸਰਕਾਰ ਦੀ ਅਧੀਨਤਾ ਨਾ ਮੰਨੀ। ਆਖ਼ਰ ਸੰਨ ੧੮੬੨ ਵਿਚ ਉਹਨਾਂ ਦਾ ਸੁਰਗਵਾਸ ਹੋ ਗਿਆ।

ਇਸ ਤੋਂ ਪਿੱਛੋਂ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਬਾਬਾ ਸਾਹਿਬ ਸਿੰਘ ਜੀ ਦੇ ਖ਼ਾਨਦਾਨ ਦੀਆਂ ਹੇਠ ਲਿਖੀਆਂ ਦੋ ਸ਼ਾਖ਼ਾਂ ਬਣ ਗਈਆਂ :—

(੧) ਪਹਿਲੀ ਸ਼ਾਖ, ਜੋ ਬਾਬਾ ਬਿਸ਼ਨ ਸਿੰਘ ਜੀ ਦੀ ਸ਼ਾਖ ਅਖਵਾਉਂਦੀ ਹੈ, ਦੀ ਗੱਦੀ ਕੱਲਰ ਜ਼ਿਲਾ ਰਾਵਲਪਿੰਡੀ ਵਿਚ ਕਰਾਰ ਪਾਈ, ਜਿਸ ਵਿਚੋਂ ਕ੍ਰਮ ਅਨੁਸਾਰ ਬਾਬਾ ਬਿਸ਼ਨ ਸਿੰਘ ਤੋਂ ਬਾਅਦ ਬਾਬਾ ਅਤਰ ਸਿੰਘ, ਬਾਬਾ ਸੰਪੂਰਨ ਸਿੰਘ, ਬਾਬਾ ਖੇਮ ਸਿੰਘ, ਟਿੱਕਾ ਜਗਜੀਤ ਸਿੰਘ, ਕੰਵਰ ਮਹਿੰਦਰ ਸਿੰਘ ਆਦਿ ਹੋਏ।

(੨) ਇਸੇ ਤਰ੍ਹਾਂ ਦੂਜੀ ਸ਼ਾਖ਼ ਵਿਚੋਂ, ਜੋ ਬਾਬਾ ਬਿਕ੍ਰਮ ਸਿੰਘ ਜੀ ਦੇ ਨਾਂ ਤੇ ਊਨੇ ਵਾਲੀ ਸ਼ਾਖ਼ ਅਖਵਾਉਂਦੀ, ਬਾਬਾ ਸੁਜਾਨ ਸਿੰਘ, ਟਿੱਕਾ ਦੇਵਿੰਦਰ ਸਿੰਘ, ਬਾਬਾ ਮਧੁਸੂਦਨ ਸਿੰਘ ਜੀ ਆਦਿ ਹੋਏ।

ਅਜ ਕਲ ਬਾਬਾ ਮਧੁਸੂਦਨ ਸਿੰਘ ਜੀ ਊਨੇ ਦੀ ਗੱਦੀ ਦੇ ਮਾਲਿਕ ਮੌਜੂਦ ਹਨ ਜੋ ਗੁਰਮਤਿ ਦੇ ਪ੍ਰਚਾਰ ਵਿਚ ਬੜੀ ਅੱਛੀ ਦਿਲਚਸਪੀ ਰਖਦੇ ਤੇ ਖ਼ੁਦ ਵੀ ਬੜੇ ਅੱਛੇ ਵਿਦਵਾਨ ਤੇ ਇਕ ਅਤਿ ਚੰਗੇ ਪ੍ਰਚਾਰਕ ਹਨ।

(ਸੀਸ ਗੰਜ ਚੋਂ ਧੰਨਿਵਾਦ ਸਹਿਤ)

❖

ਅੰਮੀ ਨੀ ਕਲਵਲ ਹੋ ਉਠੀਆਂ, ਮੈਂ ਡਿਠਾ ਇਕ ਸੁਪਨਾ ਸੀ।
ਮੇਰੀ ਮੈਂ ਵਿਚ ਹੋਰ ਕੋਈ ਨੀ, ਦਿਸਨਾ ਸੀ ਪਰ ਛੁਪਨਾ ਸੀ।
ਮੋਂਹਦਾ ਤੇ ਝਰਨਾਟ ਛੇੜਦਾ, ਚਸਕ ਮਾਰ ਡੰਙ ਪਾਵੇ ਓ।
ਦਸੋ ਕੌਣ, ਕਦੋਂ ਵੜ ਗਿਆ, ਕਿਉਂ ਦਿਸਨਾ, ਕਿਉਂ ਛੁਪਨਾ ਸੀ।

(ਭਾਈ ਵੀਰ ਸਿੰਘ ਜੀ)




ਸ. ਗੁਰਦਿਤ ਸਿੰਘ ਜੀ ਵੈਦ, ਅੰਮ੍ਰਿਤਸਰ
ਆਪ ਨੇ ਹਜ਼ੂਰ ਸਾਹਿਬ ਦੀ ਯਾਤਰਾ ਸਮੇਂ ਯਾਤਰੂਆਂ ਦੀ ਮੁਫ਼ਤ ਸੇਵਾ ਕੀਤੀ।
ਆਪ ਬੜੇ ਪਰਉਪਕਾਰੀ ਹਨ ।



ਮੁਨਸ਼ੀ ਜਸਵੰਤ ਸਿੰਘ ਜੀ
ਸੇਵਾਦਾਰ ਗੁਰਗੱਦੀ



ਸੰਤ ਸੁਜਾਨ ਸਿੰਘ ਜੀ
ਮੁਖਤਾਰੇ-ਆਮ, ਗੁਰ

Statement about ownership and other particulars about newspaper (AJUNI) to be published in the first issue every year after last day of February.

## FORM IV
(See Rule 8)

1. Place of publication — LUDHIANA
2. Periodicity of its publication. — MONTHLY
3. Printer's Name — Baba Madhusudan Singh Bedi
   (whether citizen of India ?) — Indian
   (if foreigner, state the country of origin) — No
   (Address) — Village & P. O. Mansuran
4. Publisher's Name — Baba Madhusudan Singh Bedi
   (whether citizen of India?) — INDIAN
   (If foreigner, state the country of origin) — No
   Address — Village & P.O. :Mansuran
5. Editor's Name — S. Sewa Singh Maan Gyani
   (whether citizen of India) — INDIAN
   (If foreigner, state the country of origin) — No
   Address — Village and P. O.: Mansuran
6. Names and addresses of individuals who own the newspapar and partners or shareholders holding more than one per cent of the total capital. — Baba Madhusudan Singh Bedi Gaddi-Nashin Baba Sahib Singh Bedi Una. Village & P.O.: Mamsuran.


I, Baba Madhusudan Singh, hereby declare that the particulars given above are true to the best of my knowledge and belief.

Signatnre of Publisher
Madhusudan Singh

Dated 22.2.1971.

ਮਾਲਕ, ਪ੍ਰਕਾਸ਼ਕ ਅਤੇ ਛਾਪਕ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ, ਮਨਸੂਰਾਂ (ਲੁਧਿਆਣਾ) ਨੇ (ਪੰਜਾਬੀ ਸਾਹਿੱਤ) ਅਕਾਡਮੀ ਪ੍ਰੈਸ, ਪੰਜਾਬੀ ਭਵਨ, ਲੁਧਿਆਣਾ ਤੋਂ ਛਪਵਾ ਕੇ, ਦਫ਼ਤਰ 'ਅਜੂਨੀ' ਮਨਸੂਰਾਂ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ : ਪ੍ਰਿੰ. ਸੇਵਾ ਸਿੰਘ 'ਮਾਨ'।

ਗੌਰਮਿੰਟ ਆਫ਼ ਇੰਡੀਆ ਰਜਿਸਟ੍ਰਾਰ ਫ਼ਾਰ ਨਿਊਜ਼ ਪੇਪਰ ਆਰ.ਐਨ. 19501/70
ਰਜਿਸਟ੍ਰਡ ਨੰ: ਪੀ. 535



ਦਰਬਾਰ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਮਹਾਰਾਜ ॥
ਊਨਾ ਸਾਹਿਬ